# ਓਪਨ ਐਂਡ ਡਿਸਟੈਂਸ ਲਰਨਿੰਗ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਕਲਾਸ : ਐਮ. ਏ. 2 (ਐਜੂਕੇਸ਼ਨ)** **ਸਮੈਸਟਰ ਚੌਥਾ**

**ਪੇਪਰ : ਚੌਥਾ (ਆਪਸ਼ਨ ਦੂਜੀ) (ਇਸਤਰੀ ਸਿੱਖਿਆ) ਯੂਨਿਟ : 2**

**ਮੀਡੀਅਮ : ਪੰਜਾਬੀ**

**ਪਾਠ ਨੰ.**


2.1 : ਨਾਰੀ ਸ਼ਸ਼ਕਤੀਕਰਨ : ਲੋੜ, ਨਾਰੀ ਜੀਵਨ ਜਾਂਚ ਪ੍ਰਾਪਤ ਕਰਨ ਦੇ ਤਰੀਕੇ, ਮੌਕੇ, ਸਮਾਜਿਕ ਨਿਆਂ ਅਤੇ ਸ਼ਸ਼ਕਤੀਕਰਨ

2.2 : ਘਰੇਲੂ ਹਿੰਸਾ, ਕਾਰਨ ਅਤੇ ਜਾਗਰੂਕਤਾ

2.3 : ਜਲਦੀ ਬਾਲ ਵਿਆਹ, ਬਾਲ ਮਜ਼ਦੂਰੀ, ਮਾਦਾ ਭਰੂਣ ਹੱਤਿਆ ਅਤੇ ਬਾਲ ਹੱਤਿਆ

2.4 : ਔਰਤਾਂ ਦੀ ਸਿੱਖਿਆ ਵਿੱਚ ਖੋਜ : ਖੇਤਰ, ਸਾਹਿਤ ਅਤੇ ਬਦਲ ਰਹੀਆਂ ਪ੍ਰਸਥਿਤੀਆਂ


***Department website : www.pbidde.org***

**ਐਮ.ਏ. (ਐਜੂਕੇਸ਼ਨ) ਭਾਗ ਦੂਜਾ** **ਪਰਚਾ –ਚੌਥਾ ਆਪਸ਼ਨ(ii)**

**ਨਾਰੀ ਸ਼ਸ਼ਕਤੀਕਰਨ: ਲੋੜ,ਨਾਰੀ ਜੀਵਨ ਜਾਂਚ ਪ੍ਰਾਪਤ ਕਰਨ ਦਾ ਆਧਾਰ, ਮੌਕੇ, ਸਮਾਜਿਕ ਨਿਆਂ ਅਤੇ ਮਹੱਤਤਾ**

---

**ਪਾਠ ਨੰ: 2.1**

---

**ਸੰਰਚਨਾ(Structure)**

2.1.1 ਉਦੇਸ਼
2.1.2 ਜਾਣ–ਪਛਾਣ
2.1.3 ਨਾਰੀ ਸ਼ਸ਼ਕਤੀਕਰਨ ਦੇ ਅਰਥ ਅਤੇ ਪਰਿਭਾਸ਼ਾ
2.1.4 ਨਾਰੀ ਸ਼ਸ਼ਕਤੀਕਰਨ ਦੀ ਲੋੜ
2.1.5 ਚੰਗੇ ਜੀਵਨ ਪੱਧਰ ਨੂੰ ਪ੍ਰਾਪਤ ਕਰਨ ਦੇ ਤਰੀਕੇ, ਮੌਕੇ ਅਤੇ ਸਮਾਜਿਕ ਨਿਆਂ
2.1.6 ਨਾਰੀ ਸ਼ਸ਼ਕਤੀਕਰਨ ਦੀ ਮਹੱਤਤਾ
2.1.7 ਸਾਰ
2.1.8 ਸਵੈਂ ਪੜਚੋਲ ਲਈ ਪ੍ਰਸ਼ਨ
2.1.9 ਸੁਝਾਵਿਤ ਪ੍ਰਸ਼ਨ
2.1.10 ਸੁਝਾਈਆਂ ਪੁਸਤਕਾਂ ਅਤੇ ਵੈੱਬ ਸੋਮੇ

### 2.1.1 ਉਦੇਸ਼ (Objectives)

ਪਾਠ ਪੜ੍ਹਨ ਤੋਂ ਬਾਅਦ, ਵਿਦਿਆਰਥੀ ਇਹ ਸਮਝਣ ਦੇ ਯੋਗ ਹੋ ਜਾਣਗੇ ਕਿ :

1. ਸ਼ਸ਼ਕਤੀਕਰਨ ਦਾ ਆਮ ਅਰਥ ਕੀ ਹੈ?
2. ਨਾਰੀ ਸ਼ਸ਼ਕਤੀਕਰਨ ਦੇ ਅਰਥ ਕੀ ਹਨ?
3. ਨਾਰੀ ਸ਼ਸ਼ਕਤੀਕਰਨ ਦੀ ਕੀ ਲੋੜ ਹੈ?
4. ਚੰਗੀ ਜੀਵਨ ਜਾਂਚ ਨੂੰ ਪ੍ਰਾਪਤ ਕਰਨ ਅਤੇ ਔਰਤਾਂ ਨੂੰ ਮੌਕੇ ਪ੍ਰਦਾਨ ਕਰਨ ਦੇ ਕੀ ਢੰਗ ਹਨ?
5. ਸਿੱਖਿਆ ਰਾਹੀਂ ਸਮਾਜਿਕ ਨਿਆਂ ਨੂੰ ਪ੍ਰਾਪਤ ਕਰਨ ਬਾਰੇ ਜਾਣ ਸਕਣ।
6. ਨਾਰੀ ਸ਼ਸ਼ਕਤੀਕਰਨ ਦੀ ਮਹੱਤਤਾ ਨੂੰ ਸਮਝ ਸਕਣ।

### 2.1.2 ਜਾਣ ਪਹਿਚਾਣ (Introduction) :

ਸ਼ਸ਼ਕਤੀ ਦਾ ਸ਼ਾਬਦਿਕ ਪੱਧਰ ਤੇ ਅਰਥ ਹੈ ਸ਼ਕਤੀ ਦੇਣਾ ਜਾਂ ਸ਼ਕਤੀ ਵਰਤਣ ਦੀ ਆਗਿਆ ਦੇਣਾ। ਨਾਰੀ ਸ਼ਸ਼ਕਤੀਕਰਨ ਦੀ ਧਾਰਨਾ ਦਾ ਅਰਥ ਹੈ, ਅਜਿਹੇ ਸਾਧਨ ਅਤੇ ਤੌਰ ਤਰੀਕੇ ਬਣਾਉਣਾ ਜਿਸ ਨੂੰ ਵਰਤ ਕੇ ਔਰਤਾਂ ਨੂੰ ਬਰਾਬਰ ਦੇ ਅਧਿਕਾਰ ਜਿੰਨੇ ਕਿ ਮਰਦਾਂ ਨੂੰ। ਜਿਵੇਂ ਕਿ ਦਹਾਕਿਆਂ ਤੋਂ ਹੁੰਦਾ ਆਇਆ ਹੈ, ਔਰਤਾਂ ਦੇ ਹੱਕਾਂ ਦਾ ਬਹੁਤ ਢੰਗਾਂ ਨਾਲ ਘਾਣ ਹੁੰਦਾ ਆ ਰਿਹਾ ਹੈ। ਇਹ ਗੱਲ ਸਾਰੀ ਦੁਨੀਆਂ ਤੇ ਲਾਗੂ ਹੁੰਦੀ ਹੈ, ਲਗਭਗ ਦੁਨੀਆਂ ਦੀਆਂ ਸਾਰੀਆਂ ਕੌਮਾਂ ਵਿੱਚ ਇੱਕ ਜਾਂ ਦੂਜੇ ਤਰੀਕੇ ਨਾਲ ਔਰਤਾਂ ਦੇ ਅਧਿਕਾਰਾਂ ਦਾ ਘਾਣ ਹੁੰਦੀ ਆ ਰਹੀ ਹੈ। ਵੋਟ ਦੇ ਅਧਿਕਾਰ ਤੋਂ ਲੈ ਕੇ ਸਿੱਖਿਆ ਦੇ ਅਧਿਕਾਰ ਤੱਕ ਨਾਰੀ ਨੂੰ ਹਰ ਥਾਂ ਬਰਾਬਰ ਸਮਝਣਾ ਚਾਹੀਦਾ ਹੈ। ਇਹ ਹੀ ਕਿਰਿਆ ਹੈ ਜਿਸ ਰਾਹੀਂ ਕਿ ਔਰਤਾਂ ਦੂਜਿਆਂ ਦੇ ਗੁਲਾਮੀ ਦੇ ਵਿਰੋਧ ਵਿੱਚ ਖੜੀਆਂ ਹੋਣ ਅਤੇ ਉਹਨਾਂ ਨੂੰ ਅਜਿਹਾ ਕਰਕੇ ਇੱਕ ਖੁਸ਼ਹਾਲ ਅਤੇ ਸਫਲਤਾ ਪੂਰਵਕ ਜੀਵਨ ਜਿਉਣ ਵਿੱਚ ਮੱਦਦ ਮਿਲੇ। ਇਤਿਹਾਸਕ ਤੌਰ ਤੇ ਨਾਰੀ ਨੂੰ ਸਮਾਜ ਦੀ ਇੱਕ ਕਮਜ਼ੋਰ ਵਰਗ ਦੀ ਨਿਮਾਣਕਾਰੀ ਐਲਾਨਿਆ ਹੈ।ਦੁਨੀਆ ਦੀ 774 ਮਿਲੀਅਨ (ਕਰੋੜ) ਨੌਜਵਾਨ ਅਨਪੜਾਂ ਦੀ 2/3 ਸੰਖਿਆਂ ਔਰਤਾਂ ਹੀ ਹਨ। ਇਹ ਅਨੁਪਾਤ ਪਿਛਲੇ 20 ਸਾਲਾਂ ਤੋਂ ਬਦਸਤੂਰ ਜਾਰੀ ਅਤੇ ਦੁਨੀਆਂ ਦੇ ਬਹੁਤੇ ਖੇਤਰਾਂ ਵਿੱਚ ਅਜਿਹਾ ਹੀ ਹੈ-ਯੂਨਾਇਟੀਡ ਨੈਸ਼ਨਜ ਵਰਡਜ਼ ਵੁਮਨ 2010 ਟਰੈਂਡਜ਼ ਐਂਡ ਸਟੈਟੀਸ਼ਟਿਕ ਭਾਵੇਂ ਕਿ 20 ਵੀਂ ਸਦੀ ਦੇ ਸ਼ੁਰੂਆਤ ਤੋਂ ਔਰਤਾਂ ਦੇ ਰੁਤਬੇ ਵਿੱਚ ਕਾਫੀ ਸਾਰੀਆਂ ਤਬਦੀਲੀਆਂ ਆਈਆਂ ਹਨ।

ਸ਼ਸ਼ਕਤੀ ਕਰਨ ਇੱਕ ਬਹੁਪੱਖੀ ਸਮਾਜਿਕ ਕਿਰਿਆ ਹੈ, ਜੋ ਕਿ ਲੋਕਾਂ ਦੀ ਆਪਣੇ ਜੀਵਨ ਤੇ ਸਵੈ ਕਾਬੂ ਹੈ। ਮਨੁੱਖੀ ਅਧਿਕਾਰਾਂ ਦੇ ਰਾਸ਼ਟਰ ਸੰਘ ਦੇ ਹਾਈ ਕਮਿਸ਼ਨਰ ਨੇ ਸ਼ਸ਼ਕਤੀਕਰਨ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਹੈ। ਲੋਕਾਂ ਨੂੰ ਸ਼ਕਤੀ ਦੇਣ ਦੀ ਵਿਧੀ, ਯੋਗਤਾਵਾਂ ਅਤੇ ਉਹਨਾਂ ਆਪਣੇ ਭਾਈਚਾਰੇ ਦੀਆਂ ਜ਼ਿੰਦਗੀਆਂ ਨੂੰ ਬਦਲਣ (ਸੁਧਾਰਨ) ਲਈ ਅਤੇ ਉਨ੍ਹਾਂ ਦੀਆਂ ਤਕਦੀਰਾਂ ਤੇ ਪ੍ਰਭਾਵ ਪਾਉਣ ਦਾ ਅਨੁਮਾਨ ਹੈ। ਇਹ ਇੱਕ ਅਜਿਹੀ ਧਾਰਨਾ ਹੈ ਜਿਸ ਰਾਹੀਂ ਇੱਕ ਵਿਅਕਤੀ ਸ਼ਕਤੀ ਦੇ ਕੰਮਕਾਜ ਨੂੰ ਸਮਝਣ ਦੇ ਯੋਗ ਬਣਾਉਣਾ ਹੈ ਤਾਂ ਜੋ ਉਹ ਵਿਅਕਤੀ ਉੱਭਰ ਰਹੀ ਸ਼ਕਤੀ ਦੇ ਪ੍ਰਸ਼ਨਾਂ ਨਾਲ ਨਜਿੱਠ ਸਕਣ ਅਤੇ ਇਹ ਸ਼ਕਤੀ ਦੇ ਸੋਮਿਆਂ ਨੂੰ ਕਾਬੂ ਕਰਨ ਦਾ ਅਭਿਆਸ ਹੈ।

ਸ਼ਸ਼ਕਤੀਕਰਨ ਦੇ ਬਹੁਪੱਖੀ ਪਰਸਪਰ ਅਤੇ ਇੱਕ ਦੂਜੇ ਤੇ ਨਿਰਭਰ ਆਯਾਮ (ਧਾਰਨਾਵਾਂ) ਹਨ ਜੋ ਕਿ ਆਰਿਥਕ, ਸਮਾਜਿਕ, ਸੱਭਿਆਚਾਰਕ ਅਤੇ ਰਾਜਨੀਤਿਕ ਹੈ।

ਸ਼ਸ਼ਕਤੀਕਰਨ ਦਾ ਅਰਥ ਕਿਸੇ ਵੀ ਵਿਅਕਤੀ ਦੁਆਰਾ ਆਪਣਾ ਜੀਵਨ ਸੁਧਾਰਨ ਅਤੇ ਉਸ ਦੇ ਮੁਤਾਬਿਕ ਜਿਉਣ ਦੀ ਆਜ਼ਾਦੀ ਨੂੰ ਹੋਰ ਫੈਲਾਅ ਕਰਨਾ ਹੈ। ਇਹ ਵਸੀਲਿਆਂ ਅਤੇ ਫੈਸਲਿਆਂ ਨੂੰ ਕਾਬੂ ਕਰਨ ਨੂੰ ਲਾਗੂ ਕਰਨਾ ਹੈ। ਔਰਤਾਂ ਲਈ ਜਿਵੇਂ ਕਿ ਆਜ਼ਾਦੀ ਨੂੰ ਸੰਖੇਪਿਤ ਕਰਕੇ, ਖਾਸ ਕਰਕੇ ਇੱਕ ਪ੍ਰਾਂਤ ਅਤੇ ਮੰਡੀ ਲਈ ਜਿਥੇ ਕਿ ਘਰਾਂ ਵਿੱਚ ਲਿੰਗ ਭੇਦ ਭਾਵ ਹੁੰਦਾ ਹੈ ਕਿਉਂਕਿ ਸ਼ਕਤੀਹੀਣਤਾ ਦਾ ਜਨਮ ਉਸ ਸੱਭਿਆਚਾਰ ਵਿਚੋਂ ਹੁੰਦਾ ਹੈ ਜਿਥੇ ਨਾ ਬਰਾਬਰ ਸਮਾਜਿਕ ਸੰਬੰਧ ਹੋਣ।

**ਸ਼ਸ਼ਕਤੀਕਰਨ :** ਇਹ ਮੁੱਖ ਰੂਪ ਵਿੱਚ ਵਿਅਕਤੀਗਤ ਅਤੇ ਭਾਈਚਾਰੇ ਦਾ ਆਰਿਥਕ, ਰਾਜਨੀਤਿਕ, ਸਮਾਜਿਕ, ਵਿਦਿਅਕ ਜਾਂ ਆਤਮਿਕ ਸ਼ਕਤੀ ਦਾ ਵਾਧਾ ਕਰਦਾ ਹੈ। ਸ਼ਾਇਦ ਇਸ ਦਾ ਉਦੇਸ਼ ਵਿਅਕਤੀ ਦੀਆਂ ਆਪਣੀਆਂ ਸ਼ਕਤੀਆਂ ਰਾਹੀਂ ਆਤਮ-ਵਿਸ਼ਵਾਸ ਦਾ ਵਿਕਾਸ ਕਰਨਾ ਹੈ।

### 2.1.3 ਨਾਰੀ ਸ਼ਸ਼ਕਤੀ ਕਰਨ ਦਾ ਅਰਥ ਅਤੇ ਪਰਿਭਾਸ਼ਾ(Meaning and Definitions of Women Empowerment)

**ਯੂ.ਐਨ.ਔ,** ਦੀ ਪਰਿਭਾਸ਼ਾ ਅਨੁਸਾਰ, ਔਰਤ ਦੇ ਸ਼ਸ਼ਕਤੀ ਕਰਨ ਦੇ ਪੰਜ ਮੁੱਖ ਮਦ ਹਨ।

1. ਔਰਤ ਦੀ ਆਪਣੇ ਆਪ ਨੂੰ ਯੋਗ ਹੋਣ ਦੀ ਭਾਵਨਾ
2. ਚੁਣਨ ਦਾ ਅਨੁਮਾਨ ਅਤੇ ਚੁਣਨ ਹੋਣ ਦਾ ਅਧਿਕਾਰ
3. ਵਸੀਲਿਆਂ ਅਤੇ ਮੌਕਿਆਂ ਨੂੰ ਅਨੁਮਾਨਿਤ ਕਰਨ ਦਾ ਅਧਿਕਾਰ
4. ਘਰ ਦੇ ਅੰਦਰ ਅਤੇ ਬਾਹਰ ਦੋਵਾਂ ਥਾਵਾਂ ਤੇ ਆਪਣੇ ਜੀਵਨ ਨੂੰ ਨਿਯੰਤਰਨ ਰੱਖਣ ਦੇ ਸ਼ਕਤੀ ਦਾ ਅਧਿਕਾਰ
5. ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪੱਧਰ ਤੇ ਜ਼ਿਆਦਾ ਸਮਾਜਿਕ ਅਤੇ ਆਰਥਿਕ ਦਰਜਾਬੰਦੀ ਨੂੰ ਸਮਾਜਿਕ ਬਦਲਾਅ ਦੀ ਅਧਾਰ ਨੂੰ ਪ੍ਰਭਾਵਿਤ ਕਰਨ ਦੀ ਯੋਗਤਾ ।

**ਰਾਸ਼ਟਰ ਸੰਘ ਵਿਕਾਸ ਨਾਰੀ ਫੰਡ ਅਨੁਸਾਰ (United National Development Fund for Women)**, ਨਾਰੀ ਸ਼ਸ਼ਕਤੀਕਰਨ ਦੀ ਧਾਰਨਾ ਦਾ ਮਤਲਬ

ੳ. ਅਜਿਹੀ ਜਾਣਕਾਰੀ ਪ੍ਰਾਪਤ ਕਰਨਾ ਅਤੇ ਲਿੰਗ ਸੰਬੰਧਾਂ ਨੂੰ ਸਮਝਣਾ ਅਤੇ ਅਜਿਹੇ ਤਰੀਕੇ ਜਿੰਨ੍ਹਾਂ ਨਾਲ ਇਹ ਰਿਸ਼ਤੇ ਸਬੰਧ ਬਦਲਦੇ ਹਨ।

ਅ. ਆਪਣੇ-ਆਪ ਨੂੰ ਯੋਗ ਹੋਣ ਦੀ ਧਾਰਨਾ ਦਾ ਵਿਕਾਸ ਕਿਸੇ ਵਿਅਕਤੀ ਦੀ ਯੋਗਤਾ ਜਿਸ ਰਾਹੀਂ ਆਪਣੀ ਇੱਛਾ ਅਨੁਸਾਰ ਬਦਲਾਵ ਅਤੇ ਆਪਣੇ ਜੀਵਨ ਨੂੰ ਨਿਯੰਤਰਨ ਰੱਖਣ ਦਾ ਵਿਸ਼ਵਾਸ

ੲ. ਸਮਝੋਤਾ ਸ਼ਕਤੀ ਤਰਕ ਦਾ ਅਭਿਆਸ ਕਰਕੇ ਚੋਣ ਕਰਨ ਨੂੰ ਲਾਗੂ ਕਰਨ ਦੀ ਯੋਗਤਾ ਨੂੰ ਪ੍ਰਾਪਤ ਕਰਨਾ

ਸ. ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪੱਧਰ ਤੇ, ਜ਼ਿਆਦਾ ਸਮਾਜਿਕ ਨਿਆਂ ਅਤੇ ਆਰਥਿਕ ਦਰਜਾਬੰਦੀ ਨੂੰ ਲਾਗੂ ਕਰਨ ਦੀ ਧਾਰਨਾ ਅਤੇ ਸਮਾਜਿਕ ਬਦਲਾਵ ਦੀ ਦਿਸ਼ਾ ਦਾ ਪ੍ਰਭਾਵ ਅਤੇ ਉਸਨੂੰ ਲਾਗੂ ਕਰਨ ਦੀ ਯੋਗਤਾ ਦਾ ਵਿਕਾਸ ਕਰਨਾ ਹੈ।

**ਮਹਾਤਮਾ ਗਾਂਧੀ ਦੇ ਅਨੁਸਾਰ,** "ਜੇਕਰ ਤੁਸੀਂ ਇੱਕ ਮਰਦ ਨੂੰ ਸਿੱਖਿਅਤ ਕਰਦੇ ਹੋ ਤਾਂ ਕੇਵਲ ਇੱਕ ਵਿਅਕਤੀ ਹੀ ਸਿੱਖਿਅਤ ਹੁੰਦਾ ਹੈ ਪਰੰਤੂ ਜੇਕਰ ਤੁਸੀਂ ਕਿਸੇ ਔਰਤ ਨੂੰ ਸਿੱਖਿਆ ਪ੍ਰਦਾਨ ਕਰਦੇ ਹੋ ਤਾਂ ਤੁਸੀਂ ਇੱਕ ਪੂਰਾ ਪਰਿਵਾਰ ਸਿੱਖਿਅਤ ਕਰ ਦੇਂਦੇ ਹੋ ।

**ਜਵਾਹਰ ਲਾਲ ਨਹਿਰੂ ਨੇ ਕਿਹਾ ਹੈ,** ਤੁਸੀਂ ਕਿਸੇ ਵੀ ਕੌਮ ਦੇ ਹਾਲਾਤ ਦਾ ਅੰਦਾਜ਼ਾ ਉਥੋਂ ਦੀਆਂ ਔਰਤਾਂ ਦੇ ਵਿਅਕਤੀਤੱਵ ਨੂੰ ਵੇਖ ਕੇ ਲਗਾ ਸਕਦੇ ਹੋ ।"

**ਸਵਾਮੀ ਵਿਵੇਕਾਨੰਦ ਨੇ ਕਿਹਾ ਹੈ,** ਕੋਈ ਵੀ ਦੇਸ਼ ਉਦੋਂ ਤੱਕ ਖੁਸ਼ਹਾਲ ਨਹੀਂ ਹੋ ਸਕਦਾ ਜੇਕਰ ਇਹ ਔਰਤਾਂ ਦੀ ਖੁਸ਼ਹਾਲੀ ਨੂੰ ਅੱਖੋਂ ਪਰੋਖੇ ਕਰਦਾ ਹੈ।"

ਡਾ: ਏ.ਪੀ.ਜੇ. ਅਬਦੁਲ ਕਲਾਮ ਨੇ ਕਿਹਾ ਹੈ," ਔਰਤ ਨੂੰ ਸ਼ਕਤੀ ਦੇਣਾ ਕਿਸੇ ਵੀ ਚੰਗੀ ਕੌਮ ਦੀ ਬਣਤਰ ਦੀ ਪਹਿਲੀ ਜ਼ਰੂਰਤ ਹੈ, ਜਦੋਂ ਔਰਤਾਂ ਕੋਲ ਸ਼ਕਤੀ ਆ ਜਾਵੇਗੀ ਤਾਂ ਸਮਾਜ ਵਿੱਚ ਸਥਿਰਤਾ ਯਕੀਨੀ ਹੈ। ਔਰਤਾਂ ਦਾ ਸ਼ਸ਼ਕਤੀਕਰਨ ਲਾਜ਼ਮੀ ਇਸ ਲਈ ਹੈ ਕਿਉਂ ਕਿ ਚੰਗੇ ਗੁਣ, ਇੱਕ ਚੰਗੇ ਪਰਿਵਾਰ ਦੀ ਅਗਵਾਈ ਕਰਦਾ ਹੈ।"

**Depthnews** ਦੇ ਅਨੁਸਾਰ," ਇਹ ਇੱਕ ਅਜਿਹੀ ਕਿਰਿਆ ਹੈ ਜਿਸ ਵਿੱਚ ਔਰਤਾਂ ਆਪਣੇ ਜੀਵਨ ਤੇ ਨਿਯੰਤਰਨ ਪ੍ਰਾਪਤ ਕਰਦੀਆਂ ਹਨ ਅਤੇ ਉਹੀ ਅੰਤਰਾਸ਼ਟਰੀ, ਸਥਾਨਕ ਅਤੇ ਘਰੇਲੂ ਪੱਧਰ ਤੇ ਸਮਾਜ ਵਿੱਚ ਹਰ ਇੱਕ ਮਦ ਤੇ ਜਾਣਕਾਰੀ ਅਤੇ ਆਪਣੇ ਅਧਿਆਕਾਰਾਂ ਨੂੰ ਪ੍ਰਾਪਤ ਕਰਦਾ ਹੈ।

### 2.1.4 ਨਾਰੀ ਸ਼ਸ਼ਕਤੀਕਰਨ ਦੀ ਲੋੜ(Need of Women Empowerment)

ਲੱਗਭੱਗ ਜ਼ਿਆਦਾਤਰ ਦੇਸ਼ਾਂ ਵਿੱਚ, ਘੱਟ ਤੋਂ ਘੱਟ 50%( ਜੇਕਰ ਜ਼ਿਆਦਾ ਨਹੀਂ ਤਾਂ) ਦੁਨੀਆਂ ਦੀ ਆਬਾਦੀ ਔਰਤਾ ਦੀ ਹੈ। ਇਸ ਲਈ ਅੰਸ਼ਕ ਰੋਜ਼ਗਾਰ ਅਤੇ ਬੇਰੁਜ਼ਗਾਰ ਔਰਤਾਂ ਦੀ ਆਬਾਦੀ ਹੈ, ਤਾਂ ਇਸਦਾ ਮਤਲਬ ਇੱਕ ਅਵਿਕਸਿਤ ਅਤੇ ਅਲਪ ਵਿਕਸਿਤ ਅਰਥ ਵਿਵਸਥਾ ਹੈ, ਘੱਟ ਵੱਧ ਅਤੇ ਆਪਣੀ ਸ਼ਕਤੀ ਗੁਆਉਣਾ ਹੈ। ਔਰਤਾਂ ਵਿਕਾਸਸ਼ੀਲ ਦੇਸ਼ਾਂ ਵਿੱਚ ਸ਼ਾਨ ਨਾਲ ਨਾਵਰਤਿਆ ਜਾਣ ਵਾਲ ਸੋਮਾ ਹਨ, ਜਿਥੇ ਕਿ ਲਿੰਗ ਅਸਮਾਨਤਾ ਦੀ ਬੀਮਾਰੀ ਦੀਆਂ ਮੁਸ਼ਕਲਾਂ, ਸਿੱਖਿਆ ਦੀ ਕਮੀ, ਸਮਾਜਿਕ ਬੰਧਨ, ਮਾੜੀ ਸਿਹਤ ਅਤੇ ਸਫਾਈ ਦੀ ਕਮੀ ਅਤੇ ਰਾਜਨੀਤਿਕ ਅਸਥਿਰਤਾ ਅਤੇ ਹੜਤਾਲਾਂ ਆਦਿ ਅਲਾਪਤਾਂ ਹਨ। ਔਰਤਾਂ ਨੂੰ ਜ਼ਿਆਦਾਤਰ ਲਿੰਗ ਦੇ ਅਧਾਰ ਤੇ ਕਮਜ਼ੋਰ ਨਹੀਂ ਗਿਣਿਆ ਜਾ ਸਕਦਾ, ਉਨ੍ਹਾਂ ਦਾ ਪ੍ਰਭਾਵਕ ਸਫਲਤਾ ਕਾਰਨ ਇਹ ਸਮਾਜ ਵਿੱਚ ਇਕੱਲੀਆਂ ਨਿਵੇਸ਼ਕ ਵੱਜੋਂ ਸੰਸਾਰ ਵਿਚ ਸਥਾਪਿਤ ਹੋਈਆਂ ਹਨ ਅਤੇ ਇਹ ਆਪਣੇ ਆਪ ਨੂੰ ਵਿਚਾਰਵਾਨ ਅਤੇ ਦੂਰਦਰਸ਼ੀ ਨੇਤਾ ਅਤੇ ਭਾਈਵਾਲੀ ਜਾਂ ਬਰਾਦਰੀ ਨਿਰਮਾਤਾ ਵੱਜੋਂ ਸਾਹਮਣੇ ਆਈਆਂ ਹਨ (ਬੰਗਲਾਦੇਸ਼ ਇਸ ਦੀ ਮੁੱਖ ਮਿਸਾਲ ਹੈ) ਪੱਛਮ ਵਿੱਚ ਵੀ ਔਰਤ ਦਾ ਰੁਤਬਾ ਬੜੀ ਸ਼ਾਨ ਨਾਲ ਸੁਧਰਿਆ ਹੈ, ਭਾਵੇਂ ਕਿ ਉਨ੍ਹਾਂ ਦੀ ਪੂੰਜੀ ਦੇ ਮਾਮਲੇ ਵਿੱਚ ਉਨ੍ਹਾਂ ਦੀ ਅਲਪ ਮੋਜੂਦਗੀ ਹੈ, ਜਿਹੜੀ ਕਿ ਹੋਰ ਜ਼ਿਆਦਾ ਚਾਹੀਦੀ ਹੈ।ਔਰਤਾਂ ਨੂੰ ਹਾਲੇ ਵੀ ਉਨ੍ਹਾਂ ਦੇ ਮਰਦ ਸਹਿਯੋਗੀਆਂ ਦੇ ਮੁਕਾਬਲੇ ਘੱਟ ਕੀਮਤ ਅਦਾ ਕੀਤੀ ਜਾਂਦੀ ਹੈ ਅਤੇ ਸਰਕਾਰੀ ਪੱਧਰਾਂ ਤੇ ਵੀ ਇੱਕੋ ਜਿਹੀ ਭਾਗੀਦਾਰੀ ਨਹੀਂ ਦਿੱਤੀ ਜਾਂਦੀ ਹੈ।ਇਸ ਸਥਿਤੀ ਨੂੰ ਬਦਲਣ ਲਈ ਸਾਨੂੰ ਇੱਕ ਨਿਯਮਾਂਵਲੀ ਬਣਾਉਣੀ ਪਵੇਗੀ- ਭਾਵ ਲੜਕੀਆਂ ਨੂੰ ਇਹ ਯਕੀਨ ਦਿਲਵਾਉਣਾ ਕਿ ਉਹ ਵੀ ਇੱਕ ਵਧੀਆ ਨੇਤਾ ਹਨ ਅਤੇ ਬਦਲਾਵ ਲਿਆਉਣ ਵਾਲੀਆਂ ਹੋ ਸਕਦੀਆਂ ਅਤੇ ਅਸੀ ਜਲਦੀ ਹੀ ਇਹ ਵਖਰੇਵੇਂ ਦੇ ਅੰਤ ਨੂੰ ਦੇਖਣ ਦੀ ਸ਼ੁਰੂਆਤ ਕਰਾਂਗੇ ਜਿੱਥੇ ਕਿ ਇਹ ਸ਼ਸ਼ਕਤੀਕਰਨ ਔਰਤਾਂ ਹਨ।

**ਨੋਬਲ ਇਨਾਮ ਜੇਤੂ ਪ੍ਰੋ: ਅਮ੍ਰਿਤਾ ਸੇਨ** ਇਸ ਗੱਲ ਤੇ ਜੋਰ ਦਿੰਦੇ ਹਨ ਕਿ ਜਦੋਂ ਤੱਕ ਕਿ ਔਰਤਾਂ ਸਿਹਤ, ਸਿੱਖਿਆ ਵਰਗੇ ਵਿਸ਼ਿਆਂ ਪ੍ਰਤੀ ਸ਼ਸ਼ਕਤੀਕ੍ਰਿਤ ਨਹੀਂ ਹੁੰਦੀਆਂ ਉਦੋਂ ਤੱਕ ਇਸ ਉਪ ਮਹਾਂਦੀਪ ਦੇ ਵਿਕਾਸਸ਼ੀਲ ਦੇਸ਼ਾਂ ਵਿੱਚ ਜਨਸੰਖਿਆ ਸੰਬੰਧੀ ਅਣਸੁਲਝੀਆਂ ਮੁਸ਼ਕਲਾਂ ਇਸੇ ਤਰ੍ਹਾਂ ਹੀ ਰਹਿਣਗੀਆਂ।

## 2.1.4.1 ਲਿੰਗ ਭੇਦਭਾਵ ਘਟਾਉਣਾ (Reducing Gender Discrimination)

ਲੜਕੀ ਨੂੰ ਜਨਮ-ਜਾਤ ਤੋਂ ਹੀ ਆਪਣੇ ਲਿੰਗ ਕਰਕੇ ਭਾਵ ਲੜਕੀ ਹੋਣ ਕਾਰਨ ਹੀ ਅਸਮਾਨਤਾ (ਨਾ ਬਰਾਬਰਤਾ) ਦਾ ਸ਼ਿਕਾਰ ਹੁੰਦੀ ਹੈ। ਸਾਰੇ ਸੰਸਾਰ ਵਿੱਚ, ਔਰਤਾਂ ਨੂੰ ਉਨ੍ਹਾਂ ਦੇ ਮਾਨਵੀ ਅਧਿਕਾਰਾਂ ਤੋਂ ਵੰਚਿਤ ਕੀਤਾ ਗਿਆ ਹੈ। ਲਿੰਗ ਵਖਰੇਵਾਂ ਭਾਵੇਂ ਮਰਦ ਅਤੇ ਔਰਤਾਂ ਦੇ ਬਾਰੇ ਅਸਮਾਨਤਾ ਅਤੇ ਸ਼ਕਤੀ ਸੰਬੰਧ ਬਾਰੇ ਵਿੱਚ ਹੈ। ਮਾਨਵ ਅਧਿਕਾਰ ਆਜ਼ਾਦੀ ਦਾ ਸਰਵ ਘੋਸ਼ਣਾ ਪੱਤਰ ਸਾਨੂੰ ਡਰ ਅਤੇ ਲੋੜ, ਬੋਲਣ ਅਤੇ ਵਿਸ਼ਵਾਸ ਦੀ ਆਜ਼ਾਦੀ ਹੈ। ਬਾਵਜੂਦ ਅੰਤਰ ਰਾਸ਼ਟਰੀ ਮਨੁੱਖੀ ਅਧਿਕਾਰ ਕਾਨੂੰਨ ਦੇ ਇਹ ਗਾਰੰਟੀ ਦੇਣ ਅਨੁਸਾਰ ਕਿ ਸਾਰੇ ਲੋਕਾਂ ਨੂੰ ਲਿੰਗ, ਕੌਮ, ਜਾਤੀ ਦੇ ਅਧਾਰ ਤੇ ਬਰਾਬਰ ਕਰਾਰ ਦਿੱਤਾ ਜਾਂਦਾ ਹੈ, ਦੇ ਬਾਵਜੂਦ ਮਰਦਾਂ ਦੇ ਮੁਕਾਬਲੇ ਔਰਤਾਂ, ਜ਼ਮੀਨ ਜਾਇਦਾਦ, ਤੁਰਨ-ਫਿਰਨ ਦੀ ਆਜ਼ਾਦੀ, ਸਿੱਖਿਆ, ਰੁਜ਼ਗਾਰ, ਮੌਕੇ, ਆਸਰਾ, ਭੋਜਨ, ਪੂਜਾ ਅਤੇ ਬੱਚਿਆਂ ਦੀਆਂ ਜ਼ਿੰਦਗੀਆਂ ਬਾਰੇ ਔਰਤਾਂ ਨੂੰ ਮਰਦਾਂ ਦੇ ਮੁਕਾਬਲੇ ਬਰਾਬਰ ਅਧਿਕਾਰ ਤੋਂ ਵੰਚਿਤ ਕੀਤਾ ਜਾਂਦਾ ਹੈ।ਔਰਤਾਂ ਨੂੰ ਤਾਂ ਇਥੋਂ ਤੱਕ ਕਿ ਆਪਣੇ ਸਰੀਰ ਅਤੇ ਸਰੀਰਕ ਭੁੱਖ(ਇੱਛਾ ਸ਼ਕਤੀ ਦੀ ਲੋੜ), ਸਰੀਰਕ ਸੰਭਾਲ,ਸਰੀਰ ਤੇ ਨਿਯੰਤਰਨ ਅਤੇ ਉਸਨੂੰ ਠੀਕ ਢੰਗ ਨਾਲ ਪ੍ਰਬੰਧਨ ਤੋਂ ਵੀਂ ਮਨ੍ਹਾ ਕੀਤਾ ਜਾਂਦਾ ਹੈ। ਔਰਤਾਂ ਨੂੰ ਰੋਜ਼ਾਨਾ ਕੁਟਿਆ ਜਾਂਦਾ ਹੈ ਅਤੇ ਇਥੋਂ ਤੱਕ ਕਿ ਸੱਭਿਆਚਾਰਕ ਰੀਤੀ ਅਨੁਸਾਰ ਕਤਲ ਵੀ ਕਰ ਦਿੱਤਾ ਜਾਂਦਾ ਹੈ, ਬਾਵਜੂਦ ਇਸ ਦੇ ਕਿ ਅੰਤਰ-ਰਾਸ਼ਟਰੀ ਮਾਨਵ ਅਧਿਕਾਰ ਕਾਨੂੰਨ ਅਜਿਹੇ ਸੰਸਕ੍ਰਿਤਕ ਰੀਤੀ-ਰਿਵਾਜਾਂ ਨੂੰ ਪੂਰੀ ਤਰ੍ਹਾਂ ਮਨਾਹੀ ਕਰਦਾ ਹੈ, ਜਿਹੜੇ ਕਿ ਔਰਤਾਂ ਨੂੰ ਖਤਮ ਕਰਦੇ ਹਨ।ਔਰਤ ਪ੍ਰਤੀ ਹਿੰਸਾ ਵੀ ਮੱਨੁਖੀ ਅਧਿਕਾਰਾਂ ਪ੍ਰਤੀ ਲਾਹਨਤ (ਗਾਲ) ਹੈ।

## 2.1.4.2 ਔਰਤ ਦੇ ਬਹੁਭਾਗੀ ਜ਼ਿੰਮੇਵਾਰੀ ਵੀ ਲਿੰਗ ਭੇਦਭਾਵ ਹੈ( Women's Multiple Role is Gender Differentiation)

ਔਰਤਾਂ ਨੂੰ ਆਮ ਤੌਰ ਤੇ ਚਰਿੱਤਰ ਵਾਨ, ਪਾਲਣਹਾਰ, ਬੁੱਧੀਜੀਵੀ, ਸਥਿਰਤਾ ਦਾ ਮੁੱਢ ਮੰਨਿਆ ਜਾਂਦਾ ਹੈ ਤੇ ਮੁੱਖ ਰੂਪ ਵਿੱਚ ਉਹਨਾਂ ਨੂੰ ਨਕਦ ਹਿੱਸੇਦਾਰ ਵੀ ਮੰਨਿਆ ਜਾਂਦਾ ਹੈ।ਜੀਵਨ ਦੇ ਜ਼ਿਆਦਾ ਸਮੇਂ ਲਈ ਔਰਤਾਂ, ਪਰਿਵਾਰ ਅਤੇ ਸਮਾਜ ਪ੍ਰਤੀ ਜ਼ਿਮੇਵਾਰੀਆਂ ਨੂੰ ਨਿਭਾਉਂਦੀਆਂ ਹਨ। ਬੱਚੇ ਜੰਮਣਾ, ਬੱਚੇ- ਪਾਲਣਾ ਪਰਿਵਾਰ ਦੇ ਸਾਰੇ ਮੈਂਬਰਾ ਦੀ ਸੇਵਾ ਸੰਭਾਲ ਕਰਨਾ ਉਸ ਦੇ ਹੀ ਫਰਜ਼ ਹਨ।ਰੋਜ਼ਾਨਾ ਦੇ ਘਰੇਲੂ ਕੰਮ ਕਾਜ-ਭੋਜਨ ਉਗਾਉਣਾ,ਖਰੀਦਣਾ ਅਤੇ ਪਕਾਉਣਾ ਜਾਂ ਤਿਆਰ ਕਰਨਾ ਉਸੇ ਦੀ ਹੀ ਜ਼ਿਮੇਵਾਰੀ ਹੈ। ਨਾਲ ਦੀ ਨਾਲ ਉਸ ਨੂੰ ਹੋਰ ਹੀ ਉਪਜੀਵਕ ਕੰਮ ਕਰਨੇ ਪੈਂਦੇ ਹਨ। ਖੇਤੀ ਬਾੜੀ, ਵਪਾਰ ਅਤੇ ਹੋਰ ਕਿੱਤੇ ਅਤੇ ਸਮਾਜਿਕ ਪ੍ਰਬੰਧਨ ਅਤੇ ਫੈਸਲਾ ਕਰਨ ਦੀ ਸੁਰੱਖਿਆ ਅਤੇ ਉਹ ਹੋਰ ਵੀ ਅਣਗਿਣਤ ਕਰੱਤਵ ਨਿਭਾਉਂਦੀਆਂ ਹਨ; ਮੁੱਖ ਰੂਪ ਵਿੱਚ ਕਿਉਂਕਿ ਉਨ੍ਹਾਂ ਵਿੱਚ ਜੈਵਿਕ ਵਖਰੇਵਾਂ ਅਤੇ ਲਿੰਗ ਪੱਖਪਾਤ ਦਾ ਫਰਜ ਆਦਿ। ਅਨਪੜ ਔਰਤਾਂ ਵਿੱਚ ਮੁੱਖ ਰੂਪ ਵਿੱਚ ਜਿਆਦਾਤਰ ਤਾਂ ਅਲਪ ਰੋਜ਼ਗਾਰ ਵਿੱਚ ਹਨ, ਆਮ ਤੌਰ ਤੇ ਸਵੇਰੇ 5 ਜਾਂ 6 ਵਜੇ ਤੋਂ ਸ਼ੁਰੂ

ਹੋ ਜਾਣ ਅਤੇ ਰਾਤ ਦੇ 10 ਜਾਂ 12 ਵਜੇ ਕੰਮ ਦਾ ਖਾਤਮਾ ਹੋਣ ਤੱਕ ਔਰਤਾਂ ਨੂੰ ਇਨ੍ਹਾਂ ਉਸਨੂੰ ਆਪਣੀਆਂ ਪ੍ਰਾਪਤੀਆਂ ਤੇ ਕਾਬੂ ਦੇ ਸ਼ਸ਼ਕਤੀਕਰਨ ਕੀਤਾ ਜਾਣਾ ਚਾਹੀਦਾ ਹੈ, ਸਵੈ-ਪੜਚੋਲ ਹੋਵੇ ਅਤੇ ਉਹਨਾਂ ਨੂੰ ਆਪਣੇ ਚੰਗੇ ਪ੍ਰਤੀ ਖੁਦ ਫੈਸਲਾ ਲੈਣ ਦੇ ਯੋਗ ਬਣਾਉਣਾ ਹੈ ਅਤੇ ਉਹਨਾਂ ਨੂੰ ਪਰਿਵਾਰਾਂ ਵਿੱਚ ਬਰਾਬਰਤਾ ਵੀ ਬਣਾਉਣਾ ਹੈ।

**2.1.4.3 ਪੂਰਕ ਸਿੱਖਿਆ (Supplementary Education)**

ਗੈਰ ਸਰਕਾਰੀ ਸੰਸਥਾਵਾਂ ਦੀ ਮੱਦਦ ਨਾਲ ਪਿੰਡਾਂ ਦੀਆਂ ਪੰਚਾਇਤਾਂ ਅਜਿਹੀਆਂ ਲੜਕੀਆਂ ਜੋ ਅਸਿੱਖਿਅਤ, ਗਰੀਬ ਪਰਿਵਾਰਾਂ ਵਿੱਚੋਂ ਆਉਂਦੀਆਂ ਹਨ ਦੀ ਮੱਦਦ ਪੂਰਕ ਸਿੱਖਿਆ ਰਾਹੀਂ ਕਰਨ। ਉਨ੍ਹਾਂ ਨੂੰ ਚਾਹੀਦਾ ਹੈ ਕਿ ਜੋ ਲੜਕੀਆਂ ਹਾਈ ਸਕੂਲ ਵਿੱਚ ਪੜ੍ਹ ਰਹੀਆਂ ਹਨ ਉਹ ਆਪਣੀ ਅਦਾਕਾਰੀ ਵਧਾ ਸਕਣ ਅਤੇ ਉਹਨਾਂ ਕਸਬੇ ਜਾਂ ਸ਼ਹਿਰ ਦੇ ਲੋਕਾਚਾਰ ਦੇ ਵਿੱਚ ਲੈ ਕੇ ਆਉਣ।

**2.1.4.4 ਅੱਧ ਵਿਚਕਾਰ ਪੜਾਈ ਛੱਡਣ ਵਾਲਿਆਂ ਨੂੰ ਸਿੱਖਿਅਤ ਕਰਨਾ**

**(Educating School Drop-outs)**

ਜ਼ਿਆਦਾਤਰ ਲੜਕੀਆਂ ਜੋ ਕਿ 10-17 ਸਾਲ ਦੇ ਉਮਰ ਗੁੱਟ ਦੀਆਂ ਪੇਂਡੂ ਖੇਤਰ ਦੀਆਂ ਲੜਕੀਆਂ ਨੂੰ ਉਨ੍ਹਾਂ ਦੇ ਪਰਿਵਾਰ ਦੁਆਰਾ ਮੌਸਮੀ ਖੇਤੀ ਦੇ ਕੰਮਾਕਾਰਾਂ ਅਤੇ ਹੋਰ ਘਰੇਲੂ ਜਿੰਮੇਵਾਰੀਆਂ ਲਈ ਮੱਦਦ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਹੈ। ਇਸ ਤਰ੍ਹਾਂ ਨਾਲ ਉਨ੍ਹਾਂ ਦੀ ਸਿੱਖਿਆ ਵਿੱਚ ਖੜੋਤ(ਲਗਾਤਾਰਤਾ ਦਾ ਟੁਟਣਾ) ਆ ਜਾਂਦੀ ਹੈ ਅਤੇ ਬੱਚੇ ਦੀ ਰੁਚੀ ਨੂੰ ਤੋੜ ਦਿੰਦੀ ਹੈ ਅਤੇ ਇਹ ਹੀ ਅੱਠਵੀਂ ਜਮਾਤ ਦੇ ਪੱਧਰ ਤੱਕ ਬੱਚਿਆਂ ਵੱਲੋਂ ਸਕੂਲ ਛੱਡਣ ਦਾ ਮੁੱਖ ਕਾਰਨ ਹੈ। ਸਰਵ ਸਿੱਖਿਆ ਅਭਿਆਨ ਦੇ ਤਹਿਤ ਇੱਕ ਪ੍ਰੋਗਰਾਮ ਚਲਾਇਆ ਗਿਆ ਸੀ ਜਿਥੇ ਕਿ ਇਹ ਸਕੂਲ ਛੱਡਣ ਵਾਲਿਆਂ ਦੀ ਕੁਝ ਬ੍ਰਿਜ ਕੋਰਸਾਂ ਰਾਹੀਂ ਜਾਂ ਤਾਂ ਪ੍ਰਾਈਵੇਟ ਜਾਂ ਓਪਨ ਪ੍ਰਣਾਲੀ ਰਾਹੀਂ ਮੌਕੇ ਮਿਲਦੇ ਸਨ ਤਾਂ ਜੋ ਉਨ੍ਹਾਂ ਨੂੰ ਆਪਣੀ ਅੱਠਵੀਂ ਦੀ ਸਿੱਖਿਆ ਨੂੰ ਪੂਰਾ ਕਰਨ ਲਈ ਉਤਸ਼ਾਹਿਤ ਕੀਤਾ ਜਾ ਸਕੇ।

**2.1.4.5 ਫੈਸਲਾ ਲੈਣ ਦੀ ਬਰਾਬਰਤਾ (Equality in Decision Making)** ਔਰਤਾਂ ਨੂੰ ਫੈਸਲਾਂ ਕਰਨ ਵਾਲੀਆਂ ਬਾਡੀਜ਼, ਕਮੇਟੀਆਂ ਅਤੇ ਸੰਗਠਨਾਂ ਦਾ ਘੱਟ ਤੋਂ ਘੱਟ 1/3 ਹਿੱਸਾ ਹੋਣਾ ਚਾਹੀਦਾ ਹੈ।ਫੈਸਲਾ ਕਰਨ ਦੀ ਸਮਾਨਤਾ ਨਾਲ ਵਿਕਾਸਵਾਦ ਤੇ ਅਸਰ ਹੋਵੇਗਾ।

**2.1.4.6 ਔਰਤਾਂ ਲਈ ਸੁੱਰਖਿਅਤ ਘਰ (Protective Homes for Women)**

ਜ਼ਿਲਾ ਪੱਧਰ ਤੇ ਨਾਰੀ ਨਿਕੇਤਨ ਸਥਾਪਿਤ ਕਰਨ ਦੀ ਲਾਜ਼ਮੀ ਲੋੜ ਹੈ। ਇਹ ਘਰ ਨਾ ਕੇਵਲ ਇਨ੍ਹਾਂ ਅਨਾਥਾਂ ਨੂੰ ਇੱਕ ਬਚਾਅ ਘਰ ਮਿਲ ਸਕੇਗਾ ਇਹ ਘਰ ਸਗੋਂ ਉਹ ਇਥੇ ਰਹਿ ਕਿ ਕਿੱਤੇ ਨਾਲ ਸੰਬੰਧਿਤ ਟ੍ਰੇਨਿੰਗ ਅਤੇ ਕਾਬਿਲ ਔਰਤਾਂ ਬਣਾਂ ਕਿ ਇਨ੍ਹਾਂ ਉਤਪਾਦਨ ਸੈਂਟਰਾਂ ਵਿਚ ਔਰਤਾਂ ਲਈ ਸੁਧਾਰ ਦੀਆਂ ਸੰਸਥਾਵਾਂ ਖੋਲੀਆਂ ਜਾ ਸਕਣ।ਕੋਰਪੋਰੇਟਸ ਨੂੰ ਇਸ ਪ੍ਰੋਜਕੈਟ ਦੇ ਤਹਿਤ ਉਤਸਾਹਿਤ ਕਰਕੇ ਬਜਟ ਦਾ ਕੁਝ ਹਿੱਸਾ ਜੋ ਕਿ ਕਰਤ ਰਹਿਤ ਹੋਵੇ ਖਰਚ ਕਰਨ ਸਕੇ ਜੋ ਕਿ ਕਾਰਪੋਰੇਟ ਦੀ ਸਮਾਜਿਕ ਜ਼ਿੰਮੇਵਾਰੀ ਹੈ। ਇਹ ਕੇਂਦਰ ਮੱਨੁਖੀ ਸੰਸਾਧਨ ਵਿਕਾਸ ਵੱਜੋਂ ਕੰਮ ਕਰਨਗੇ।

**2.1.4.7 ਤਕਨੀਕੀ ਅਤੇ ਕਿੱਤਾਕਾਰੀ ਸਿੱਖਿਆ (Technical and Vocational Education)**

ਵਿਕਾਸਸ਼ੀਲ ਜਿਵੇਂ ਕਿ ਸਾਡਾ ਦੇਸ਼ ਅਸੀ ਤਕਨੀਕੀ ਅਤੇ ਕਿੱਤਾਕਾਰੀ ਖੇਤਰਾਂ ਵਿੱਚ ਮਨੁੱਖੀ ਸਾਧਨਾਂ ਦੀ ਕਮੀ ਝੇਲ ਰਹੇ ਹਾਂ ਤਕਨੀਕੀ ਅਤੇ ਕਿੱਤਾਕਾਰੀ ਸਿੱਖਿਅਕ ਰੋਜ਼ਗਾਰ ਲਈ ਆਸਾਨ ਤਰੀਕਾ ਹੈ ਅਜਿਹੇ ਸਿੱਖਿਅਤ ਮਨੁੱਖੀ ਸ਼ਕਤੀ ਘਰੇਲੂ ਆਮਦਨ ਵਿੱਚ ਵਾਧਾ ਕਰੇਗੀ ਅਤੇ ਸਾਰੇ ਦੇਸ਼ ਵੀ ਬਦਲੇ ਵਿੱਚ ਆਰਥਿਕ ਵਾਧੇ ਨੂੰ ਉਤਸ਼ਾਹਿਤ ਕਰੇਗਾ।

ਇਸ ਤਰ੍ਹਾਂ ਅੱਜ ਔਰਤਾਂ ਵੀ ਮਰਦਾਂ ਦੇ ਬਰਾਬਰ ਰੁਤਬੇ ਵਿੱਚ ਹਨ। ਜ਼ਿਆਦਾ ਦਬਾਅ ਪੇਂਡੂ ਔਰਤਾਂ ਅਤੇ ਉਨ੍ਹਾਂ ਦੇ ਵਿਕਾਸ ਵਿੱਚ ਸ਼ਸ਼ਕਤੀਕਰਨ ਤੇ ਦੇਣਾ ਚਾਹੀਦਾ ਹੈ ।ਇੱਕ ਖਾਸ ਧਿਆਨ ਲੜਕੀਆਂ ਦੇ ਸ਼ਸ਼ਕਤੀਕਰਨ ਤੇ ਦੇਣਾ ਚਾਹੀਦਾ ਹੈ ਕਿਉਂ ਕਿ ਸਮਾਜ ਇੱਕ ਅਜਿਹੀ ਤਬਦੀਲੀ ਦੀ ਅਗਵਾਈ ਕਰੇਗਾ ਜੋ ਕਿ ਲੰਬੇ ਸਮੇਂ ਲਈ ਰਹੇਗੀ ਅਤੇ ਬਾਕੀ ਪੀੜੀਆਂ ਤੇ ਵੀ ਇਸ ਦਾ ਅਸਰ ਰਹੇਗਾ। ਇੱਕ ਸੰਗਠਿਤ ਵਿਧੀ ਨੂੰ ਅਪਨਾਇਆ ਜਾਵੇ ਜਦੋਂ ਅਸੀ ਔਰਤਾਂ ਦਾ ਸ਼ਸ਼ਕਤੀਕਰਨ ਕਰ ਰਹੇ ਹਾਂ ਤਾਂ ਜੋ ਕਿ ਇੱਕ ਸਮਾਜਿਕ ਕਾਰਨ ਹੈ ਜਿਸ ਲਈ ਉਨ੍ਹਾਂ ਨੂੰ ਖੁਦ-ਮੁਖਤਿਆਰੀ ਅਤੇ ਲਗਾਤਾਰ ਧਿਆਨ, ਹਰ ਇੱਕ ਔਰਤ ਦੀ ਮੰਗ ਹੈ ਸਮਾਜ ਭਾਵੇਂ ਕਿ ਨਾਰੀ ਸ਼ਸ਼ਕਤੀਕਰਨ ਦੀਆਂ ਕੋਸ਼ਿਸ਼ਾਂ ਵਿੱਚ ਵਾਧੇ ਦੀ ਲੋੜ ਮਹਿਸੂਸ ਕਰਦਾ ਹੈ ਅਤੇ ਔਰਤਾਂ ਦੁਆਰਾ ਕੀਤੀ ਗਈ ਤਰੱਕੀ ਦੀ ਇਸ਼ਤਿਹਾਰਬਾਜ਼ੀ ਕਰੇ। ਇਹ ਸਮਾਜ ਦਾ ਸੰਵਿਧਾਨਕ ਨੈਤਿਕ ਅਤੇ ਸਮਾਜਿਕ ਜ਼ਿੰਮੇਵਾਰੀ ਬਣਦੀ ਹੈ ਕਿ ਔਰਤਾਂ ਦੀ ਤਰੱਕੀ ਲਈ ਉਨ੍ਹਾਂ ਨੂੰ ਬਰਾਬਰ ਦੇ ਅਧਿਕਾਰ ਅਤੇ ਮੌਕੇ ਦਿੱਤੇ ਜਾਣ ਲਈ ਵਿਚਾਰਿਆ ਜਾਵੇ।

**2.1.5 ਚੰਗੇ ਜੀਵਨ ਪੱਧਰ ਨੂੰ ਪ੍ਰਾਪਤ ਕਰਨ ਦੇ ਤਰੀਕੇ, ਮੌਕੇ ਅਤੇ ਸਮਾਜਿਕ ਨਿਆਂ (Ways to achieve quality of life, opportunities and sociall justice)**

ਸਿੱਖਿਆ ਇੱਕ ਗੁਣਾਤਮਕ ਜੀਵਨ ਲਈ ਵਧੀਆ ਸਾਧਨ ਹੈ ਅਤੇ ਇਹ ਇੱਕ ਸਮਾਜਿਕ ਨਿਆਂ ਦਿੰਦੀ ਹੈ ਜਿਵੇਂ ਕਿ ਸਿੱਖਿਆ ਸ਼ਸ਼ਕਤੀਕਰਨ ਹੈ, ਇਹ ਲੋਕਤੰਤਰ ਨੂੰ ਬਣਾਉਣ ਅਤੇ ਲਾਗੂ ਕਰਨ ਦੀ ਚਾਬੀ ਹੈ, ਇਹ ਵਿਕਾਸ ਵੱਲ ਸਫਲਤਾ ਦੇ ਮੌਕੇ ਪ੍ਰਦਾਨ ਕਰਦੀ ਹੈ ਜਿਹੜੇ ਕਿ ਸਾਡੇ ਜੀਵਨ ਲਈ ਜ਼ਰੂਰੀ ਹਨ ਅਤੇ ਇਹ ਆਪਸੀ ਸਹਿਚਾਰ ਅਤੇ ਸਾਮਾਜਿਕ ਨਿਆਂ ਲਈ ਸ਼ਾਂਤੀ ਦੀ ਨੀਹ ਰੱਖਦੇ ਹਨ। ਸਿੱਖਿਆ ਔਰਤਾਂ ਨੂੰ ਅਸਾਮਨਤਾ ਦੀ ਪਰੰਪਰਾ ਤੋਂ ਆਜ਼ਾਦ ਕਰਾਉਂਦੀ ਹੈ। ਸਿੱਖਿਆ ਲਿੰਗ ਅਸਾਮਨਤਾ ਨੂੰ ਘਟਾਉਣ ਤੇ ਜ਼ੋਰ ਦਿੰਦੀ ਹੈ। ਸਿੱਖਿਆ ਔਰਤਾਂ ਕਾਸ਼ਤਕਾਰੀ ਅਤੇ ਅਤੇ ਗੈਰ ਖੇਤੀ ਖੇਤਰਾਂ ਵਿੱਚ ਆਰਥਿਕ ਉਤਪਾਦਕਤਾ ਵਧਾਉਂਦੀ ਹੈ:

**2.1.5.1** ਮਾਂਵਾ ਦੀ ਸਿੱਖਿਆ ਉਨ੍ਹਾਂ ਦੀ ਸਿਹਤ ਵਿੱਚ ਵੀ ਸੁਧਾਰ ਕਰਦੀ ਹੈ ਇਸਦਾ ਇੱਕ ਕਾਰਣ ਇਹ ਹੈ ਕਿ ਜ਼ਿਆਦਾ ਸਿੱਖਿਆ ਉਨ੍ਹਾਂ ਨੂੰ ਆਪਣੇ ਬਾਰ-ਬਾਰ ਗਰਭ ਅਤੇ ਬੱਚੇ ਦੇ ਜਨਮ ਵਰਗੀਆਂ ਸਿਹਤ ਸੰਬੰਧੀ ਸੇਵਾਵਾਂ ਤੇ ਕਾਬੂ ਕਰਨ ਵਿੱਚ ਮੱਦਦ ਕਰਦੀ ਹੈ।

**2.1.5.2** ਔਰਤਾਂ ਦੀ ਸਿੱਖਿਅਕ ਪ੍ਰਾਪਤੀ ਦਾ ਪੱਧਰ ਉਨ੍ਹਾਂ ਦੇ ਬੱਚਿਆਂ ਵਿੱਚ ਖਾਸ ਤੌਰ ਤੇ ਲੜਕੀ ਦੀ ਸਿੱਖਿਆ ਦਾ ਸੁਧਾਰ ਕਰਦਾ ਹੈ। ਬਹੁਤ ਸਾਰੇ ਕੇਸਾਂ ਵਿਚ ਇਹ ਦੇਖਿਆ ਗਿਆ ਹੈ ਕਿ ਬੱਚਿਆਂ ਦੀ ਸਿੱਖਿਆ ਦਾ ਪ੍ਰਭਾਵ ਉਨ੍ਹਾਂ ਦੀ ਮਾਂ ਦੀ ਸਕੂਲੀ ਸਿੱਖਿਆ ਤੋਂ ਪੈਂਦਾ ਹੈ।

**2.1.5.3** ਸਿੱਖਿਆ ਔਰਤਾਂ ਦਾ ਸ਼ਸ਼ਕਤੀਕਰਨ ਦੋ ਤਰੀਕੇ ਨਾਲ ਕਰਦੀ ਹੈ, ਸਿੱਧੇ ਅਤੇ ਅਸਿੱਧੇ। ਸਿੱਧੇ ਰੂਪ ਵਿੱਚ ਇਹ ਨਿਰੀਖਣ ਕੀਤਾ ਗਿਆ ਹੈ ਕਿ ਇਹ ਉਤਪਾਦਕਤਾ ਵਧਾਉਂਦੀ ਹੈ ਇਹ ਰੋਜ਼ਗਾਰ ਦੇ ਮੌਕੇ ਅਤੇ ਜੀਵਣ ਭਰ ਦੀ ਕਮਾਈ ਵਿੱਚ ਵਾਧਾ ਕਰਦੀ ਹੈ, ਜਿੰਨੀ ਜ਼ਿਆਦਾ ਸਿੱਖਿਆ ਹੋਵੇਗੀ ਕਮਾਈ ਵੱਧ ਹੋਵੇਗੀ ਅਤੇ ਅਤੇ ਜਿੰਨੀ ਕਮਾਈ ਵੱਧ ਹੋਵੇਗੀ ਉਨਾਂ ਔਰਤਾਂ ਦਾ ਸ਼ਸ਼ਕਤੀਕਰਣ ਹੋਵੇਗਾ।

**2.1.5.4** ਔਰਤਾਂ ਦੀ ਸਿੱਖਿਆ ਹੀ ਉਨ੍ਹਾਂ ਦਾ ਸ਼ਸ਼ਕਤੀਕਰਣ ਹੈ ਕਿਉਂ ਕਿ ਇਹ ਉਨ੍ਹਾਂ ਦੇ ਆਰਿਥਕ ਅਤੇ ਸਾਮਾਜਿਕ ਵਿਕਾਸ ਵਿਚੋਂ ਰੁਕਾਵਟਾਂ ਨੂੰ ਹਟਾਉਂਦੀ ਹੈ। ਗਿਆਨ ਨਾਲ ਤਰਕ ਸ਼ਕਤੀ ਦਾ ਵਾਧਾ ਹੁੰਦਾ ਹੈ ਅਤੇ ਵਿਸ਼ਲੇਸ਼ਣ ਦੀ ਯੋਗਤਾ ਵੱਧਦੀ ਹੈ ਅਤੇ ਤੱਥਾਂ, ਘਟਨਾਵਾਂ ਨੂੰ ਆਪਸੀ ਸੰਬੰਧ ਵਿੱਚ ਜੋੜਿਆ ਜਾਂਦਾ ਹੈ ਜਿਵੇਂ ਕਿ ਔਰਤਾਂ ਦੀ ਸਿੱਖਿਆ, ਆਧੁਨਿਕ ਵਿਚਾਰਾਂ ਅਤੇ ਸਮਾਜਿਕ ਬਦਲਾਵ ਤੱਕ ਪਹੁੰਚਣ ਲਈ ਗਿਆਨ ਵਧਾਉਂਦੀ ਹੈ।

**2.1.5.5** ਸਿੱਖਿਅਕ ਸ਼ਸ਼ਕਤੀਕਰਣ ਮਨੁੱਖ ਅਤੇ ਸਮਾਜ ਦੀਆਂ ਅਧਿਆਤਮਕ, ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਸ਼ਕਤੀਆਂ ਨੂੰ ਮਜ਼ਬੂਤ ਬਣਾਉਂਦੀ ਹੈ।ਸਿੱਖਿਆ ਸਾਨੂੰ ਮੌਕੇ ਪ੍ਰਦਾਨ ਕਰਦੀ ਹੈ:

- ਅਸੀਂ ਆਪਣਾ ਫੈਸਲਾ ਆਪ ਕਰ ਸਕੀਏ
- ਢੁੱਕਵਾਂ ਫੈਸਲਾਂ ਲੈਣ ਦੇ ਸੋਮੇ ਅਤੇ ਜਾਣਕਾਰੀ ਦਾ ਅਨੁਮਾਨ ਲਗਾ ਲੈਣਾ।
- ਕਾਫੀ ਸਾਰੀਆਂ ਆਪਸ਼ਨਾਂ ਹੋਣ ਜਿਸ ਵਿੱਚੋ ਚੋਣ ਕਰ ਸਕੀਏ।
- ਸਾਮੂਹਿਕ ਫੈਸਲਾਂ ਲੈਣ ਦੇ ਸਕਾਰਾਤਮਕ ਫੈਸਲਾ ਲੈਣ ਦੀ ਯੋਗਤਾ ਹੋਵੇ।
- ਕੋਈ ਤਬਦੀਲੀ ਕਰਨ ਲਈ ਸਕਾਰਾਤਮਕ ਸੋਚ ਹੋਵੇ।
- ਸਮੂਹਿਕ ਜਾਂ ਵਿਅਕਤੀਗਤ ਸ਼ਖਸ਼ੀਅਤ ਵਿੱਚ ਸੁਧਾਰ ਕਰਨ ਲਈ ਕੁਝ ਕੋਸ਼ਲ ਸਿੱਖਣ ਦੀ ਯੋਗਤਾ ਹੋਵੇ।
- ਦੂਜਿਆਂ ਦੀਆਂ ਧਾਰਨਾਵਾਂ ਨੂੰ ਲੋਕਤਾਂਤਰਿਕ ਤਰੀਕੇ ਨਾਲ ਬਦਲਣ ਲਈ ਆਪਣੀ ਯੋਗਤਾ।

ਇਸ ਤਰ੍ਹਾਂ ਇਹ ਆਪਣੇ ਆਪ ਦੇ ਜੀਵਣ ਤੇ ਕਾਬੂ ਕਰਨ ਦੀ ਯੋਗਤਾ ਹੈ, ਇਹ ਇੱਕ ਅਜਿਹੀ ਪ੍ਰਕਿਰਿਆ ਹੈ ਜਿਸ ਰਾਹੀਂ ਔਰਤਾਂ ਆਪਣੇ ਜੀਵਣ ਬਾਰੇ ਜਾਣ ਕੇ ਆਪਣੇ ਆਪ ਤੇ ਕਾਬੂ ਲੈ ਕਿ ਆਉਣਗੇ ਅਤੇ ਰਾਸ਼ਟਰੀ, ਅੰਤਰ-ਰਾਸ਼ਟਰੀ, ਘਰੇਲੂ ਪੱਧਰ ਤੇ ਸਮਾਜ ਦੇ ਹਰ ਪੱਧਰ ਤੇ ਆਪਣੇ ਅਧਿਕਾਰਾਂ ਦੀ ਮੰਗ ਕਰਨਗੀਆਂ।ਰਾਸ਼ਟਰੀ ਨੀਤੀ (2001) ਦੇ ਅਨੁਸਾਰ ਔਰਤਾਂ ਦੇ ਸ਼ਸ਼ਕਤੀਕਰਨ ਅਤੇ ਵਿਕਾਸ ਵਿੱਚ ਲੈ ਕਿ ਆਉਣ ਦੀ ਕੋਸ਼ਿਸ਼ ਹੈ, ਇਹ ਨੀਤੀ ਖੁੱਲੇ ਰੂਪ ਵਿੱਚ ਸਾਰੇ ਸਿੱਖਿਅਕ ਕਰਤਾਵਾਂ ਨੂੰ ਉਤਸ਼ਾਹਿਤ ਕਰੇਗੀ ਕਿ ਇਨ੍ਹਾਂ ਉਦੇਸ਼ਾਂ ਨੂੰ ਵੱਧ ਤੋਂ ਵੱਧ ਲੋਕਾਂ ਨਾਲ ਪਹੁੰਚਾਇਆ ਜਾ ਸਕੇ। ਇਸ ਨੀਤੀ ਦੇ ਉਦੇਸ਼ ਅਜਿਹਾ ਵਾਤਾਵਰਣ ਸਿਰਜਣਾ ਜਿਸ ਰਾਹੀਂ ਸਮਾਜਿਕ ਅਤੇ ਆਰਿਥਕ ਨੀਤੀਆਂ ਔਰਤਾਂ ਦੇ ਪੂਰੇ ਵਿਕਾਸ ਲਈ ਹੋਣ ਤਾਂ ਜੋ ਔਰਤ ਨੂੰ ਆਪਣੀ ਪੂਰੀ ਤਾਕਤ ਦਾ ਅਹਿਸਾਸ ਕਰਨ ਦੇ ਯੋਗ ਬਣਾਇਆ ਜਾ ਸਕੇ।ਕਾਨੂੰਨ ਵਿਵਸਥਾ ਨੂੰ ਮਜ਼ਬੂਤ ਕਰਨਾ ਤਾਂ ਜੋ ਔਰਤਾਂ ਦੇ ਪ੍ਰਤੀ ਕਿਸੇ ਵੀ ਤਰ੍ਹਾਂ ਦੇ ਪੱਖਪਾਤ ਨੂੰ ਖਤਮ ਕੀਤਾ ਜਾ ਸਕੇ। ਔਰਤਾਂ ਨੂੰ ਬਰਾਬਰ ਸਿਹਤ ਸੰਭਾਲ ਦੇ ਮੌਕੇ ਹਰ ਪੱਧਰ ਤੇ ਗੁਣਾਤਮਕ ਸਿੱਖਿਆ, ਕੈਰੀਅਰ ਅਤੇ ਕਿੱਤਾ ਮੁੱਖੀ ਮਾਰਗਦਰਸ਼ਨ,

ਬਰਾਬਰ ਦੇ ਰੋਜ਼ਗਾਰ, ਸਮਾਜਿਕ ਸੁੱਰਖਿਆ ਅਤੇ ਜਨਤਕ ਦਫਤਰਾਂ ਵਿੱਚ ਬਰਾਬਰ ਦੀ ਭਾਗੇਦਾਰੀ ਹੋਵੇ, ਔਰਤਾਂ ਅਤੇ ਮਰਦਾਂ ਦੀ ਸਾਂਝੇਦਾਰੀ ਹੋਵੇ ਤਾਂ ਕਿ ਸਮਾਜ ਦਾ ਰਵੱਈਆ ਬਦਲਿਆ ਜਾਵੇ।ਵਿਕਾਸ ਪ੍ਰਕਿਰਿਆ ਨੂੰ ਲਿੰਗ ਦ੍ਰਿਸ਼ਟੀਕੋਣ ਨੂੰ ਮੁੱਖ ਧਾਰਾ ਵਿੱਚ ਸ਼ਾਮਿਲ ਕਰਨਾ।ਔਰਤਾਂ ਅਤੇ ਲੜਕੀਆਂ ਪ੍ਰਤੀ ਹਰ ਕਿਸਮ ਦੀ ਹਿੰਸਾ ਨੂੰ ਬੰਦ ਕਰਨਾ। ਸੱਭਿਅਕ ਸਮਾਜ ਵਿੱਚ ਖਾਸ ਕਰਕੇ ਔਰਤਾਂ ਦੀ ਜੱਥੇਬੰਦੀਆਂ ਵਿੱਚ ਖਾਸ ਤੌਰ ਤੇ ਔਰਤਾਂ ਨੂੰ ਭਾਗੀਦਾਰ ਬਣਾਉਣਾ ਅਤੇ ਮਜ਼ਬੂਤ ਕਰਨਾ।

### 2.1.6 ਨਾਰੀ ਸ਼ਸ਼ਕਤੀਕਰਨ ਦੀ ਮਹੱਤਤਾ (Importance of Women Empowerment)

ਨਾਰੀ ਸਿੱਖਿਆ ਬਹੁ-ਪੱਖੀ ਫਲਸਫਾ ਹੈ ਇੱਕ ਇੱਕਲੀ ਧਾਰਨਾ ਜਾਂ ਕਾਰਣ ਭਾਰਤ ਵਿੱਚ ਔਰਤਾਂ ਦੀ ਬਹੁਤ ਘੱਟ ਸਿੱਖਿਆ ਦਰ ਲਈ ਜ਼ਿੰਮੇਵਾਰ ਨਹੀਂ ਹੈ। ਨਤੀਜੇ ਵੱਜੋ ਇਹ ਬਹੁਤ ਸਾਰੇ ਤੱਤਾਂ ਨਾਲ ਜੁੜਿਆ ਹੋਇਆ ਹੈ। ਜਿਸ ਵਿੱਚ ਸਮਾਜਿਕ, ਸੰਸਕ੍ਰਿਤਕ, ਆਰਥਿਕ ਵਿੱਦਿਅਕ, ਜਨ-ਅੰਕੜਿਆਂ, ਵਿਗਿਆਨਕ, ਰਾਜਨਿਤਕ ਅਤੇ ਪਰਮਾਣਿਕ ਕਾਰਣ ਹਨ ਜਿਹੜੇ ਕਿ ਨਾਰੀ ਵਿੱਦਿਆ ਨੂੰ ਮਹੱਤਵਪੂਰਣ ਬਣਾਉਂਦੇ ਹਨ।

**2.1.6.1 ਕਾਨੂੰਨੀ ਨਿਆ ਪ੍ਰਣਾਲੀ ਨੂੰ ਜ਼ਿੰਮੇਵਾਰ ਬਣਾਇਆ ਜਾਵੇ(Made Responsive Judical Legal System)**ਨਾਰੀ ਸਿੱਖਿਆ ਨੂੰ ਕਾਨੂੰਨੀ ਬਣਾਉਣ ਲਈ ਨਿਆਂ ਪ੍ਰਣਾਲੀ ਨੂੰ ਜ਼ਿਆਦਾ ਜ਼ਿੰਮੇਵਾਰ ਬਣਾਇਆ ਜਾਵੇ ਅਤੇ ਲਿੰਗ ਚੇਤਨਤਾ ਔਰਤਾਂ ਦੀ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖੇ ਖਾਸ ਕਰਕੇ ਘਰੇਲੂ ਹਿੰਸਾਂ ਅਤੇ ਵਿਅਕਤੀਗਤ ਹਮਲਿਆਂ ਲਈ ਲਾਗੂ ਕੀਤਾ ਜਾ ਰਿਹਾ ਹੈ ਅਤੇ ਕਾਨੂੰਨਾਂ ਨੂੰ ਫੇਰ ਤੋਂ ਵਿਚਾਰਿਆ ਜਾ ਰਿਹਾ ਹੈ ਇਹ ਯਕੀਨੀ ਬਣਾਉਣ ਲਈ ਕਿ ਨਿਆਂ ਜਲਦੀ ਮਿਲਦਾ ਹੈ ਅਤੇ ਅਪਰਾਧੀ ਨੂੰ ਸਜ਼ਾ ਉਸਦੀ ਗਲਤੀ ਦੇ ਮੁਤਾਬਕ ਸਖਤ ਅਤੇ ਜਲਦੀ ਤੋਂ ਜਲਦੀ ਸੁਣਾਉਣਾ ਹੈ।

**2.1.6.2 ਇੱਕ ਸਮਾਨ ਪਹੁੰਚ ਅਤੇ ਭਾਗੀਦਾਰੀ(Equal Access and Full Participation in Decision Making)** ਔਰਤਾਂ ਦੀ ਹਰ ਪੱਧਰ ਤੇ ਵਿਧਾਨਪਾਲਿਕਾ ਕਾਰਜਪਾਲਿਕਾ ਅਤੇ ਨਿਆਂ ਪਾਲਿਕਾ ਸਮੇਤ ਹਰ ਕਿਸਮ ਦੇ ਫੈਸਲੇ ਕਰਨ ਸਮੇਂ ਬਰਾਬਰ ਦੀ ਭਾਗੇਦਾਰੀ ਕਰਨੀ ਹੈ।

**2.1.6.3 ਰਿਣ ਸਹੂਲਤਾਂ ਦੀ ਪਹੁੰਚ ਵਿੱਚ ਮੱਦਦ(Helps in Access to Credit Facilities)** ਖਪਤ ਅਤੇ ਪੈਦਾਵਾਰ ਲਈ ਔਰਤਾਂ ਦੀ ਪਹੁੰਚ ਨੂੰ ਵਧਾਉਣ ਲਈ , ਨਵੇਂ ਅਤੇ ਮਜ਼ਬੂਤ ਛੋਟੀਆਂ ਰਿਣ-ਵਿਧੀਆਂ ਨੂੰ ਹੋਂਦ ਵਿੱਚ ਲਿਆਉਣਾ ਅਤੇ ਹੋਰ ਇਸ ਤਰ੍ਹਾਂ ਦੇ ਸਹਾਇਕ ਕਦਮ ਉਠਾਉਣੇ ਤਾਂ ਜੋ ਰਿਣ ਨੂੰ ਵੱਖ-ਵੱਖ ਵਿੱਤੀ ਸੰਸਥਾਵਾਂ ਅਤੇ ਬੈਕਾਂ ਤੱਕ ਪਹੁੰਚਾਇਆ ਜਾ ਸਕੇ।ਅਜਿਹਾ ਇਸ ਲਈ, ਤਾਂ ਜੋ ਗਰੀਬੀ ਪੱਧਰ ਤੋਂ ਹੇਠਾਂ ਵਾਲੀਆਂ ਔਰਤਾਂ ਦੇ ਇਹ ਰਿਣ ਆਸਾਨੀ ਨਾਲ ਪਹੁੰਚ ਵਿੱਚ ਹੋਵੇ।

**2.1.6.4 ਔਰਤਾਂ ਦਾ ਵਿਗਿਆਨ ਅਤੇ ਤਕਨਾਲੋਜੀ ਵਿੱਚ ਵਿਕਾਸ(Development of women in Science and Technology)** ਲੜਕੀਆਂ ਨੂੰ ਵੱਖ ਵੱਖ ਢੰਗਾਂ ਨਾਲ ਪ੍ਰੇਰਿਤ ਕਰਨਾ ਕਿ ਉੱਚੇਰੀ ਸਿੱਖਿਆ ਵਿਗਿਆਨ ਅਤੇ ਤਕਨਾਲੋਜੀ ਦੇ ਕੰਮਕਾਜ ਵਿੱਚ ਵਿਕਾਸ ਕਰਨ ਅਤੇ ਔਰਤਾਂ ਦੀ ਪੂਰੀ ਭਾਗੀਦਾਰੀ ਨੂੰ ਯਕੀਨੀ ਬਣਾਉਣੀ ਚਾਹੀਦੀ ਹੈ।

**2.1.6.5 ਜੀਵਣ ਦਾ ਸਰੂਪ (Quality of Life)** 2001 ਤੋਂ 2011 ਦੀ ਜਨ ਗਣਨਾ ਦੇ ਅਨੁਸਾਰ ਸਿੱਖਿਆ ਦੇ ਖੇਤਰ ਵਿੱਚ ਵਿਸ਼ੇਸ਼ ਤੌਰ ਤੇ ਤਰੱਕੀ ਕੀਤੀ ਹੈ। 2001 ਅਤੇ 2011 ਜਨਗਣਨਾ ਦੇ ਤੁਲਨਾਤਮਕ ਅੰਕੜੇ ਇਹ ਦਰਸਾਉਂਦੇ ਹਨ ਕਿ ਨਾਰੀ ਸਿੱਖਿਆ ਦਰ 2001 ਤੋਂ 2011 ਤੱਕ ਮਰਦਾਂ ਦੇ 11.72% ਦੇ ਮੁਕਾਬਲੇ 14.87% ਜ਼ਿਆਦਾ ਹੈ। ਔਰਤਾਂ ਅਤੇ ਮਰਦਾਂ ਦਾ ਸਿੱਖਿਆ ਦਰ ਦਾ ਅੰਤਰ 2001 ਦੇ 24.84% ਤੋਂ 21.70% ਦੀ ਦਰ ਨਾਲ ਘਟਿਆ ਹੈ।

**2.1.6.6 ਸਿਹਤ ਸੰਭਾਲ ਦੀ ਮਨਾਹੀ ਵਾਲੇ ਪਾਸੇ ਖਾਸ ਧਿਆਨ (Special Attention to Prospective of Health)** ਇੱਕ ਪੂਰੀ ਕੋਸ਼ਿਸ਼ ਔਰਤਾਂ ਦੇ ਸਿਹਤ ਲਈ ਜਾਰੀ ਹੈ ਜਿਸ ਵਿੱਚ ਭੋਜਨ ਅਤੇਂ ਹੋਰ ਸਿਹਤ ਸੇਵਾਵਾਂ ਨੂੰ ਲਿਆ ਗਿਆ ਹੈ ਅਤੇ ਔਰਤਾਂ ਦੀਆਂ ਜ਼ਰੂਰਤਾਂ ਵੱਲ ਖਾਸ ਧਿਆਨ ਵੱਖ-ਵੱਖ ਪੱਧਰਾਂ ਵੱਲ ਖਾਸ ਧਿਆਨ ਦੇਣ ਦੀ ਜ਼ਰੂਰਤ ਹੈ। ਔਰਤਾਂ ਦੀ ਪਹੁੰਚ ਵਿੱਚ ਸਿਹਤ ਸੰਭਾਲ ਸਰਵ ਅਧਿਆਪਕ ਅਤੇ ਸਰ ਸਕਣ ਵਾਲੀ ਹੋਵੇ।

**2.1.6.7 ਸਿੱਖਿਆ ਅਤੇ ਸਿਖਲਾਈ (Education and Training)** ਲੜਕੀ ਨੂੰ ਸਿੱਖਿਆ ਦੇਣਾ ਔਰਤਾਂ ਦੇ ਸ਼ਸ਼ਕਤੀਕਰਨ ਵਿੱਚ ਮੱਦਦਗਾਰ ਹੈ। ਸਿੱਖਿਆ ਔਰਤਾਂ ਨੂੰ ਜਾਣਕਾਰੀ, ਨਿਪੁੰਨਤਾ ਅਤੇ ਆਤਮ ਵਿਸ਼ਵਾਸ ਨਾਲ ਭਰ ਦਿੰਦੀ ਹੈ ਜਿਹੜੀ ਕਿ ਉਨ੍ਹਾਂ ਆਰਥਿਕ ਮੌਕਿਆਂ ਸਮੇਂ ਚਾਹੀਦੀ ਹੈ।ਲੜਕੀਆਂ ਤੋਂ ਸਕੂਲ ਦੀ ਫੀਸ ਮੁਆਫੀ ਅਤੇ ਉਨ੍ਹਾਂ ਨੂੰ ਸਕੂਲ ਆਉਣ ਅਤੇ ਪੂਰਨਤਾ ਦਰ ਵਿੱਚ ਕਾਫੀ ਵਾਧਾ ਹੋਇਆ ਹੈ।ਵੱਖ-ਵੱਖ ਮਦਾਂ ਜਿਵੇਂ ਕਿ ਖਾਸ ਖੇਤਰਾਂ ਵਿੱਚ ਸਕੂਲਾਂ ਦੀਆਂ ਇਮਾਰਤਾਂ ਬਣਾਉਣਾ, ਇਹ ਵਿਸ਼ਵਾਸ ਦਿਵਾਉਣਾ ਕਿ ਸਕੂਲਾਂ ਵਿੱਚ ਮਰਦ ਅਤੇ ਔਰਤ ਅਧਿਆਪਕਾਂ ਵੀ ਗੁਣਾਤਮਕ ਪੱਖੋਂ ਹਨ ਅਤੇ ਸਿਹਤ ਤੇ ਸਫਾਈ ਦੀ ਸਹੂਲਤਾਂ ਵੀ ਹਨ ਅਤੇ ਅਜਿਹੀਆਂ ਥਾਂਵਾਂ ਲੜਕੀਆਂ ਲਈ ਸੁੱਰਖਿਅਤ ਹਨ।ਵਧੀਆ ਤਿਆਰ ਕੀਤੀ ਗਈ ਕਿੱਤਾਕਾਰੀ ਸਿਖਲਾਈ ਜਿਸ ਨਾਲ ਚੰਗੀ ਕਮਾਈ ਹੋ ਸਕੇ ਅਤੇ ਘੱਟ ਦਿਹਾੜੀ ਅਤੇ ਘੱਟ ਨਿਪੁੰਨਤਾ ਵਾਲੇ ਕੰਮ ਤੋਂ ਪਰ੍ਹੇ ਹਟ ਕੇ ਅਜਿਹੇ ਕੰਮ ਤੋਂ ਜਿਸ ਵਿੱਚ ਮਰਦ ਅਤੇ ਔਰਤਾਂ ਇੱਕਠੇ ਹੋ ਕਿ ਸਾਂਝੇ ਕੰਮ ਕਰ ਸਕਣ।

**2.1.7 ਸਾਰ (Summary)** ਪਿਛਲੇ ਹਜ਼ਾਰ ਕੁ ਸਾਲਾਂ ਤੋਂ ਭਾਰਤ ਵਿੱਚ ਨਾਰੀ ਵਿਅਕਤੀਤਵ ਵਿੱਚ ਬਹੁਤ ਮਹਾਨ ਤਬਦੀਲੀਆਂ ਆਈਆਂ ਹਨ। ਪੁਰਾਤਨ ਸਮਿਆਂ ਵਿੱਚ ਬਿਲਕੁਲ ਇੱਕ ਸ਼ਖਸ਼ੀਅਤ ਵੱਜੋਂ ਵਿਚਰਦੀ ਹੋਈ ਅਤੇ ਮੱਧ ਯੁੱਗ ਵਿੱਚ ਵੀ ਬਹੁਤ ਨੀਵੇਂ ਰਹਿਕੇ, ਬਹੁਤ ਸੁਧਾਰਕਾਂ ਦੁਆਰਾ ਬਰਾਬਰ ਸਮਾਨ ਅਧਿਕਾਰਾਂ ਦੀ ਗੱਲਾਂ ਨੂੰ ਤਰੱਕੀ ਦੇ ਕਿ ਭਾਰਤ ਵਿੱਚ ਔਰਤਾਂ ਦੇ ਇਤਿਹਾਸ ਕਾਫੀ ਇੱਕ ਸਮਾਨ ਜਿਹਾ ਰਿਹਾ ਹੈ।ਕੋਸ਼ਿਸ਼ਾਂ ਤਾਂ ਇਹ ਕੀਤੀ ਜਾਣੀਆਂ ਚਾਹੀਦੀਆਂ ਹਨ ਕਿ ਹਰ ਭਾਰਤੀ ਔਰਤ ਨੂੰ ਉਸਦਾ ਬਣਦਾ ਹਿੱਸਾ ਸਤਿਕਾਰ ਦੇ ਕਿ ਉਸਦਾ ਸਰਵ ਪੱਖੀ ਵਿਕਾਸ ਕੀਤਾ ਜਾਣਾ ਚਾਹੀਦਾ ਹੈ। ਹੋਰ ਅਗੇਰੇ ਔਰਤਾਂ ਜੇਕਰ ਹੋਰ ਵੱਧ ਸਿੱਖਿਅਤ ਹੋਣ, ਵਧੇਰੇ ਜਾਣਕਾਰੀ ਰੱਖਣ ਤਾਂ ਹੀ ਉਹ ਆਪਣੇ ਤਰਕ ਨਾਲ ਫੈਸਲੇ ਲੈਣਗੀਆਂ। ਇਹ ਵੀ ਲਾਜ਼ਮੀ ਹੈ ਕਿ ਔਰਤਾਂ ਪ੍ਰਤੀ ਵਿਰੋਧੀ ਲਿੰਗ ਸਤਿਕਾਰ ਦੀ ਭਾਵਨਾ ਰੱਖਣ। ਇਹ ਵੀ ਮਹੱਤਵਪੂਰਣ ਹੈ ਕਿ ਇਨ੍ਹਾਂ ਤਿੱਖੇ ਬਦਲਾਵੇਂ ਨੂੰ ਜਿਸ ਵਿੱਚ ਵੱਖ-ਵੱਖ ਥਾਂਵਾ ਤੇ ਔਰਤ ਦੀ ਭਾਗੀਦਾਰੀ ਹੈ ਨੂੰ ਸਾਮਾਜਿਕ ਵਰਤਾਰੇ ਅਤੇ ਧਾਰਨਾਵਾਂ ਰਾਹੀਂ ਜਾਣਿਆ ਜਾ ਸਕੇ। ਖਾਸ ਕਿਸਮ ਦੇ ਪ੍ਰੰਪਰਾਗਤ ਲਿੰਗ ਪੱਖਪਾਤਾਂ ਨੂੰ ਵੀਂ ਸਮੇਂ ਦੇ ਅਨੁਕੂਲ ਬਣਾਇਆ ਜਾਵੇ।

**2.1.8 ਸਵੈ ਮੁਲਅੰਕਣ(Self-Evaluation)**

1. ਸ਼ਸ਼ਕਤੀਕਰਨ ਸਿਰਫ ਇੱਕ ਵੱਡੇ-ਕਾਬੂ ਦੀ ਸੋਚ ਹੈ। (ਹਾਂ / ਨਹੀਂ)
2. ਲਿੰਗ ਅੰਤਰਾਲ ਮਰਦ ਅਤੇ ਔਰਤਾਂ ਵਿੱਚ ਸ਼ਕਤੀ ਅਤੇ ਅਸਮਾਨਤਾ ਹੀ ਹੈ। (ਹਾਂ / ਨਹੀਂ)
3. ਸਿੱਖਿਆ ਗੁਣਾਤਮਕ ਜੀਵਨ ਦਾ ਵਧੀਆ ਸਾਧਨ ਹੈ ਅਤੇ ਸਾਨੂੰ ਸਮਾਜਿਕ ਨਿਆਂ ਦਿੰਦਾ ਹੈ। (ਹਾਂ / ਨਹੀਂ)
4. ਸਿੱਖਿਆ ਪ੍ਰਤੱਖ ਅਤੇ ਅਪ੍ਰੱਤਖ ਰੂਪ ਵਿੱਚ ਨਾਰੀ ਦਾ ਸ਼ਸ਼ਕਤੀਕਰਨ ਕਰਦੀ ਹੈ। (ਹਾਂ / ਨਹੀਂ)
5. ਨਾਰੀ ਸਿੱਖਿਆ ਇੱਕ ਬਹੁ-ਭਾਂਤੀ ਪ੍ਰਕਿਰਿਆ ਹੈ। (ਹਾਂ / ਨਹੀਂ)
6. ਗਰੀਬੀ ਰੇਖਾ ਤੋਂ ਹੇਠਾਂ ਜੀਵਨ ਬਸਰ ਕਰਨ ਵਾਲੀਆਂ ਔਰਤਾਂ ਲਈ ਕੋਈ ਸੋਖੀ ਰਿਣ ਪਹੁੰਚ ਨਹੀਂ ਹੈ। (ਹਾਂ / ਨਹੀਂ)

**ਉੱਤਰ : 1(ਨਹੀਂ), 2(ਹਾਂ), 3(ਹਾਂ), 4(ਹਾਂ),5(ਹਾਂ),6(ਹਾਂ)**

**2.1.9 ਸੁਝਾਏ ਗਏ ਪ੍ਰਸ਼ਨ(Suggested Questions)**

1. ਸਵਾਮੀ ਵਿਵੇਕਾਨੰਦ ਦੁਆਰਾ ਦਿੱਤਾ ਗਿਆ ਕਥਨ, "ਕੋਈ ਵੀ ਦੇਸ਼ ਉਦੋਂ ਤੱਕ ਖੁਸ਼ਹਾਲ ਨਹੀਂ ਹੋ ਸਕਦਾ ਜੇਕਰ ਇਹ ਔਰਤਾਂ ਦੀ ਖੁਸ਼ਹਾਲੀ ਨੂੰ ਅੱਖੋ ਪਰੋਖੇ ਕਰਦਾ ਹੈ" ਦੀ ਵਿਆਖਿਆ ਕਰੋ।
2. ਨਾਰੀ ਸ਼ਸ਼ਕਤੀ ਕਰਨ ਕੀ ਹੈ? ਵੱਖ-ਵੱਖ ਢੰਗਾਂ ਰਾਹੀਂ ਔਰਤਾਂ ਨੂੰ ਗੁਣਾਤਕ ਜੀਵਨ ਅਤੇ ਸਮਾਜਿਕ ਨਿਆਂ ਪ੍ਰਾਪਤੀ ਬਾਰੇ ਦੱਸੋ।
3. ਅੱਜ ਕੱਲ ਦੇ ਸਮੇਂ ਅਨੁਸਾਰ ਨਾਰੀ ਸ਼ਸ਼ਕਤੀਕਰਨ ਕਿਉਂ ਮਹੱਤਵਪੂਰਣ ਹੈ?
4. ਜੇਕਰ ਨਾਰੀ ਸ਼ਸ਼ਕਤੀਕ੍ਰਿਤ ਹੁੰਦੀ ਹੈ ਤਾਂ ਕਿਸ ਕਿਸਮ ਦੀਆਂ ਮੁਸ਼ਕਲਾਂ ਹੱਲ ਹੋਣਗੀਆਂ?

**2.1.10 ਸੁਝਾਈਆਂ ਕਿਤਾਬਾਂ ਅਤੇ ਵੈਬ ਸਰੋਤ (Suggested Readings and Web Sources)**


1. ਰਾਜ, ਐਸ ਅਤੇ ਬਾਬੂ ਕੇ.ਵੀ(206) ਸ਼ਸ਼ਕਤੀਕਰਨ : ਐਜ਼ ਯੂ ਥਿੰਕ
2. ਨਰਾਸਿਅਨ, ਐਮ. ਐਲ.(2004) :ਇਕੁਲ ਔਪਰਚੁਨੀਟੀਜ਼ ਫਾਰ ਵੂਮਨ ਇਨ ਦੀ ਕਮੂਯਨਟੀ
3. ਰੋਸ, ਐਸ.(2010) : ਇਮਪਾਵਰਮੈਂਟ ਆਫ ਵੂਮਨ- ਦੀ ਇਮਪੈਕਟ ਆਫ ਇਮਪਲੋਅਮੈਂਟ

**ਵੈਬ ਸਰੋਤ**

www.quora.com
www.womenempowerment.org.in
www.sewa-society.org
www.empowerwomen.org

**ਪਾਠ ਨੰ: 2.2** **ਲੇਖਕ: ਮਿਸ ਨਵਜੋਤ ਕੌਰ**

## ਘਰੇਲੂ ਹਿੰਸਾ, ਕਾਰਨ ਅਤੇ ਜਾਗਰੂਕਤਾ

**ਪਾਠ ਦੀ ਬਣਤਰ**

2.2.1 ਉਦੇਸ਼
2.2.2 ਭੂਮਿਕਾ
2.2.3 ਘਰੇਲੂ ਹਿੰਸਾ ਦੀਆਂ ਕਿਸਮਾਂ
2.2.4 ਘਰੇਲੂ ਹਿੰਸਾ ਦੇ ਕਾਰਨ
2.2.5 ਘਰੇਲੂ ਹਿੰਸਾ ਪ੍ਰਤੀ ਜਾਗਰੂਕਤਾ
2.2.6 ਘਰੇਲੂ ਹਿੰਸਾ ਤੋਂ ਔਰਤਾਂ ਦੀ ਸੁਰੱਖਿਆ ਕਰਨ ਲਈ ਐਕਟ (2005)
2.2.7 ਸਾਰ
2.2.8 ਸੁਝਾਏ ਪ੍ਰਸ਼ਨ
2.2.9 ਸੁਝਾਈਆਂ ਪੁਸਤਕਾਂ

### 2.2.1 ਉਦੇਸ਼ :

ਇਹ ਪਾਠ ਪੜ੍ਹਨ ਉਪਰੰਤ ਵਿਦਿਆਰਥੀ-

1) ਘਰੇਲੂ ਹਿੰਸਾ ਨੂੰ ਸਮਝਣ ਦੇ ਯੋਗ ਹੋ ਜਾਣਗੇ।
2) ਘਰੇਲੂ ਹਿੰਸਾ ਦੇ ਕਾਰਨਾਂ ਨੂੰ ਜਾਣ ਜਾਣਗੇ।
3) ਘਰੇਲੂ ਹਿੰਸਾ ਪ੍ਰਤੀ ਜਾਗਰੂਕ ਹੋ ਜਾਣਗੇ।

### 2.2.2 ਭੂਮਿਕਾ :

ਹਿੰਸਾ ਹਰ ਜਗ੍ਹਾ ਤੇ ਮੌਜੂਦ ਹੈ। ਹਿੰਸਾ ਹੋਰ ਕਿਸੇ ਥਾਂ ਤੇ ਨਾਂ ਹੋ ਕੇ ਸਾਡੇ ਘਰਾਂ ਦੇ ਅੰਦਰ ਜਿਆਦਾ ਹੈ। ਦੇਸ਼ ਭਰ ਵਿੱਚ ਘਰ ਦੇ ਬੰਦ ਦਰਵਾਜਿਆ ਪਿੱਛੇ ਲੋਕਾਂ ਨੂੰ ਤਸੀਹੇ ਦਿੱਤੇ ਜਾ ਰਹੇ ਹਨ, ਕੁੱਟਿਆ ਜਾ ਰਿਹਾ ਹੈ ਇੱਥੋਂ ਤੱਕ ਕੇ ਜਾਨੋਂ ਮਾਰਿਆ ਜਾ ਰਿਹਾ ਹੈ। ਇਹ ਪਛੜੇ ਹੋਏ ਇਲਾਕਿਆਂ ਵਿੱਚ, ਕਸਬਿਆਂ ਵਿੱਚ, ਸ਼ਹਿਰਾਂ ਵਿੱਚ ਵਾਪਰ ਰਹੀ ਹੈ। ਹਿੰਸਾ ਨੇ ਸਾਰੇ ਸਮਾਜਿਕ ਵਰਗਾਂ ਨੂੰ ਪੀੜ੍ਹੀ ਦਰ ਪੀੜ੍ਹੀ ਅੱਗੇ ਵੱਧਣ ਕਾਰਨ ਇਹ ਹਿੰਸਾ ਵਿਰਾਸਤ ਬਣਦੀ ਜਾ ਰਹੀ ਹੈ। ਸਾਡੇ ਘਰਾਂ ਵਿੱਚ ਹੋ ਰਹੀ ਇਸ ਭਿਆਨਕ ਸਮੱਸਿਆਂ ਨੂੰ ਘਰੇਲੂ ਹਿੰਸਾ ਦਾ ਨਾਮ ਦਿੱਤਾ ਜਾਂਦਾ ਹੈ। ਘਰੇਲੂ ਹਿੰਸਾ ਦਾ ਇਹ ਰੂਪ ਹਰ ਜਗ੍ਹਾ ਬਹੁਤ ਆਮ ਹੈ। ਇਸ ਦੇ ਸਮਾਜ ਵਿੱਚ ਇੰਨਾ ਪ੍ਰਚਿਤਲ ਹੋਣ ਦਾ ਇੱਕ ਕਾਰਨ ਰੂੜੀ ਵਾਦੀ ਸੋਚ ਵੀ ਹੈ ਕਿ ਔਰਤਾਂ ਮਰਦਾਂ ਨਾਲੋਂ ਸਰੀਰਕ ਅਤੇ ਭਾਵਨਾਤਮਕ ਤੌਰ ਦੇ ਕਮਜੋਰ ਹੁੰਦੀਆਂ ਹਨ। ਇਹ ਹਿੰਸਾ ਸਾਡੇ ਆਪਣੇ ਰਿਸ਼ਤਿਆਂ ਵਿੱਚ ਵੀ ਹੁੰਦੀ ਹੈ। ਭਾਵੇਂ ਉਹ ਪਤਨੀ ਨਾਲ, ਪਤੀ ਨਾਲ, ਦਾਦਾ-ਦਾਦੀ ਨਾਲ ਜਾਂ ਕਿਸੇ ਹੋਰ ਪਰਿਵਾਰਕ ਮੈਂਬਰਾਂ ਵਿੱਚ ਹੋਵੇ। ਇਹ

ਪੁਰਸ਼, ਇਸਤਰੀ ਦਾ ਦੂਸਰੇ ਪੁਰਸ਼ ਜਾਂ ਇਸਤਰੀ ਲਈ ਜ਼ੁਲਮ ਹੋ ਸਕਦਾ ਹੈ। ਘਰੇਲੂ ਹਿੰਸਾ ਦਾ ਪੀੜਤ ਕੋਈ ਵੀ ਹੋ ਸਕਦਾ ਹੈ। ਘਰੇਲੂ ਹਿੰਸਾ ਦੇ ਕਈ ਰੂਪ ਹਨ। ਜਿੰਨਾ ਵਿੱਚ ਸਰੀਰਕ ਹਿੰਸਾ, ਮਾਰਨਾ, ਕੁੱਟਣਾ, ਥੱਪੜ ਮਾਰਨਾ, ਚੀਜ਼ਾਂ ਸੁੱਟਣੀਆਂ, ਜਿਨਸੀ ਬਦਸਲੂਕੀ, ਕਾਬੂ ਕਰਨਾ, ਦਬਾਉਣਾ, ਧਮਕਾਉਣਾ ਆਦਿ ਆਉਂਦੇ ਹਨ।

**2.2.3 ਘਰੇਲੂ ਹਿੰਸਾ ਦੀਆਂ ਕਿਸਮਾਂ :**

ਘਰੇਲੂ ਹਿੰਸਾ ਦੀਆਂ ਕਿਸਮਾਂ ਹੇਠ ਦਿੱਤੇ ਅਨੁਸਾਰ ਹਨ :-

**1. ਸਰੀਰਕ ਹਿੰਸਾ**

ਇਸ ਵਿੱਚ ਅਜਿਹਾ ਸੰਪਰਕ ਸ਼ਾਮਿਲ ਹੈ ਜੋ ਦਰਦ, ਸਰੀਰਕ ਨੁਕਸਾਨ ਸੱਟ ਪਹੁੰਚਾਉਣ ਦੇ ਇਰਾਦੇ ਨਾਲ ਕੀਤਾ ਜਾਂਦਾ ਹੈ। ਇਸ ਵਿੱਚ ਮਾਰਨਾ, ਧੱਕੇ ਮਾਰਨਾ, ਜਲਾਉਣਾ, ਵਾਲ ਖਿੱਚਣੇ, ਪੌੜੀਆਂ ਤੋਂ ਧੱਕਾ ਦੇਣਾ, ਸਮਾਨ ਸੁੱਟਣਾ ਅਤੇ ਕਈ ਵਾਰ ਹਥਿਆਰ ਦਾ ਇਸਤੇਮਾਲ ਵੀ ਕੀਤਾ ਜਾਂਦਾ ਹੈ। ਇਸ ਵਿੱਚ ਪੀੜਤ ਇੱਕ ਅਤੇ ਦੋਸ਼ੀ ਕਈ ਹੋ ਸਕਦੇ ਹਨ ਜਿਵੇਂ ਕਿ ਇੱਕ ਵਿਅਕਤੀ ਵੱਲੋਂ ਪੀੜਤ ਨੂੰ ਦੱਬਿਆ ਹੋਵੇ ਅਤੇ ਬਾਕੀ ਦੋਸ਼ੀ ਪੀੜਤ ਨੂੰ ਮਾਰ ਰਹੇ ਹੋਣ। ਪੀੜਤ ਨੂੰ ਕਿਸੇ ਕਮਰੇ ’ਚ ਬੰਦ ਕਰਨਾ ਜਾਂ ਬੰਨਣਾ ਵੀ ਸਰੀਰਕ ਹਿੰਸਾ ਵਿੱਚ ਸ਼ਾਮਿਲ ਹੈ।

**2. ਜਿਨਸੀ ਬਦਸਲੂਕੀ**

ਜਿਨਸੀ ਬਦਸਲੂਕੀ ਕਿਸੇ ਔਰਤ ਜਾਂ ਮਰਦ ਨਾਲ ਕਿਸੇ ਵੀ ਉਮਰ ਵਿੱਚ ਹੋ ਸਕਦੀ ਹੈ। ਇਹ ਇੱਕ ਅਣਚਾਹੀ ਜਿਨਸੀ ਪ੍ਰਕਿਰਿਆ ਹੈ ਜਿਸ ਵਿੱਚ ਦੋਸ਼ੀ ਧੱਕੇ ਨਾਲ ਪੀੜਤ ਦਾ ਫਾਇਦਾ ਉਠਾਉਂਦਾ ਹੈ ਅਤੇ ਕਈ ਵਾਰ ਪੀੜਤ ਨੂੰ ਨੁਕਸਾਨ ਵੀ ਪਹੁੰਚਾ ਦਿੰਦਾ ਹੈ।

**3. ਭਾਵਾਤਮਕ ਹਿੰਸਾ**

ਇਸ ਨੂੰ ਮਨੋਵਿਗਿਆਨਕ ਬਦਸਲੂਕੀ ਜਾਂ ਮਾਨਸਿਕ ਬਦਸਲੂਕੀ ਵੀ ਕਿਹਾ ਜਾਂਦਾ ਹੈ। ਇਸ ਵਿੱਚ ਪੀੜਤ ਨੂੰ ਹਰ ਤਰ੍ਹਾਂ ਨਾਲ ਧਮਕਾਇਆ ਜਾਂਦਾ ਹੈ ਕਿ ਜਿਸਦੇ ਵਿੱਚ ਪੀੜਤ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਤੋਂ ਲੈ ਕੇ ਦੋਸਤਾਂ ਮਿੱਤਰਾਂ, ਪਰਿਵਾਰ ਤੋਂ ਵੱਖ ਕਰ ਦੇਣਾਂ, ਜਨਤਕ, ਬਦਸਲੂਕੀ, ਨਰਜ਼ਬੰਦ ਕਰਨ ਆਦਿ ਸ਼ਾਮਿਲ ਹਨ। ਪੀੜਤ ਨਾਲ ਇਸ ਤਰ੍ਹਾਂ ਦਾ ਵਿਵਹਾਰ ਉਹਨਾਂ ਵਿੱਚ ਚਿੰਤਾ ਅਤੇ ਤਣਾਅ ਪੈਦਾ ਕਰਦਾ ਹੈ ਜੋ ਕਿ ਭਾਵਨਾਤਮਕ ਹਿੰਸਾ ਦਾ ਹਿੱਸਾ ਹੈ।

**4. ਆਰਥਿਕ ਬਦਸਲੂਕੀ**

ਕਿਸੇ ਵੀ ਰਿਸ਼ਤੇ ਵਿੱਚ ਆਪਣੀ ਤਾਕਤ ਦਿਖਾਉਣ ਲਈ ਜਾਂ ਸਾਥੀ ਤੇ ਕੰਟਰੋਲ ਕਰਨ ਲਈ ਇਹ ਇੱਕ ਆਮ ਵਰਤੀ ਜਾਣ ਵਾਲੀ ਰਣਨੀਤੀ ਹੈ।

**2.2.4 ਘਰੇਲੂ ਹਿੰਸਾ ਦੇ ਕਾਰਨ :**

ਘਰੇਲੂ ਹਿੰਸਾ ਦੇ ਹੇਠ ਲਿਖੇ ਕਾਰਨ ਹੋ ਸਕਦੇ ਹਨ :-

**ਮਨੋਵਿਗਿਆਨਕ ਸਮੱਸਿਆਵਾਂ**

1) ਸਵੈਮਾਣ ਦੀ ਘਾਟ, ਘਟੀਆਪਨ ਦਾ ਅਹਿਸਾਸ, ਤਣਾਅ, ਡਿਪਰੈਸ਼ਨ, ਸਵੈਮਾਣ, ਦਿਮਾਗੀ ਤੌਰ ਤੇ ਬਿਮਾਰ, ਸਖਸ਼ੀਅਤ ’ਚ ਵਿਕਾਰ ਆਪਣੇ ਗੁੱਸੇ ਤੇ ਕਾਬੂ ਨਾ ਕਰ ਸਕਣਾ ਆਦਿ ਘਰੇਲੂ ਹਿੰਸਾ ਦਾ ਮੁੱਖ ਕਾਰਨ ਹਨ।
2) ਵਿਵਹਾਰ ਨੂੰ ਕਾਬੂ ਕਰਨਾ: ਇੱਕ ਦੂਜੇ ਦੇ ਵਿਵਹਾਰ ਤੇ ਨਿਯੰਤਰਨ ਪਾਉਣ ਦੀ ਕੋਸ਼ਿਸ਼ ਕਰਨਾ ਵੀ ਘਰੇਲੂ ਹਿੰਸਾ ਨੂੰ ਸੱਦਾ ਦਿੰਦਾ ਹੈ। ਇਸ ਦੇ ਵਿੱਚ ਇੱਕ ਦੂਜੇ ਨੂੰ ਭੜਕਾਉਣਾ ਅਤੇ ਹਰ ਛੋਟੀ ਗੱਲ ਤੇ ਬਹਿਸ ਕਰਨੀ, ਜ਼ੁਬਾਨੀ ਜਾਂ ਗੈਰ ਜੁਬਾਨੀ ਹਿੰਸਾ ਸ਼ਾਮਿਲ ਹਨ।

3) ਪਰੰਪਰਾਗਤ ਵਿਸ਼ਵਾਸ: ਕੁੱਝ ਪਰੰਪਰਾਗਤ ਵਿਸ਼ਵਾਸ ਜਿਵੇਂ ਕਿ ਔਰਤਾਂ, ਮਰਦਾਂ ਤੇ ਬਰਾਬਰ ਨਹੀਂ ਹਨ ਜਾਂ ਮਰਦਾਂ ਨੂੰ ਇਹ ਅਧਿਕਾਰ ਹੈ ਕਿ ਉਹ ਔਰਤਾਂ ਨੂੰ ਕਾਬੂ ਦੇ ਵਿੱਚ ਰੱਖ ਸਕਦੇ ਹਨ। ਇਹ ਵਿਸ਼ਵਾਸ ਵੀ ਹੈ ਕਿ ਔਰਤ ਮਰਦ ਨਾਲ ਵਿਆਹੀ ਹੋਈ ਹੈ ਤਾਂ ਉਹ ਕਮਜ਼ੋਰ ਹੈ ਅਤੇ ਉਸ ਨਾਲ ਘਰੇਲੂ ਹਿੰਸਾ, ਦਾਜ ਦੀ ਮੰਗ ਜਾਂ ਕਤਲ ਤੱਕ ਵੀ ਕੀਤਾ ਜਾ ਸਕਦਾ ਹੈ। ਇਹੀ ਕਾਰਨ ਹੈ ਕਿ ਔਰਤ ਨੂੰ ਸਮਾਜ ਵਿੱਚ ਸੰਪਤੀ ਦੀ ਤਰ੍ਹਾਂ ਜਾਂ ਮਰਦ ਰੱਖਿਅਕ ਤੇ ਨਿਰਭਰ ਮੰਨਦੀ ਹੈ ਜਿਵੇਂ ਕਿ ਪਿਤਾ ਤੇ, ਪਤੀ ਤੇ, ਪੁੱਤਰ ਤੇ ਆਦਿ।
4) ਸ਼ਰਾਬ-ਨਸ਼ੇ ਦੀ ਵਰਤੋਂ: ਨਸ਼ੇ ਕਰਨਾ, ਭੱਦੀ ਸ਼ਬਦਾਵਲੀ ਦੀ ਵਰਤੋਂ ਕਰਨਾ ਜਾਂ ਆਪਣੀ ਨਾਕਾਮਯਾਬੀ ਲਈ ਪਤਨੀ ਨੂੰ ਜਿੰਮੇਵਾਰ ਠਹਿਰਾਉਣਾ ਵੀ ਘਰੇਲੂ ਹਿੰਸਾ ਦੇ ਕਾਰਨ ਹਨ।
5) ਆਰਥਿਕ ਤੰਗੀ: ਗਰੀਬੀ, ਪਤਨੀ ਤੇ ਨਿਰਭਰਤਾ, ਲੰਮੀ ਬੇਰੋਜਾਗਾਰੀ, ਸਵੈਮਾਣ ਦੀ ਘਾਟ, ਪਰਿਵਾਰ ਦੀ ਜਿੰਮੇਵਾਰ ਉਠਾਉਣ ਦੇ ਯੋਗ ਨਾ ਹੋਣਾ ਵੀ ਘਰੇਲੂ ਹਿੰਸਾ ਦਾ ਕਾਰਨ ਹੈ।
6) ਬੇਮਤਲਵੀ ਆਸ: ਕੁਝ ਦੇਸਾਂ ਵਿੱਚ ਦਹੇਜ ਵੱਲੋਂ ਅਸੰਤੁਸ਼ਟਾਂ ਅਤੇ ਹੋਰ ਦਹੇਜ ਲਿਆਉਣ ਦੀ ਮੰਗ ਅਤੇ ਹੋਰ ਦਹੇਜ ਲਿਆਉਣ ਲਈ ਤੰਗ ਕਰਨਾ, ਪਰ ਪੁਰਸ਼-ਇਸਤਰੀ ਨਾਲ ਅਵੈਦ ਸਬੰਧ ਹੋਣ ਦੇ ਬਾਵਜੂਦ ਆਪਣੇ ਸਾਥੀ ਤੋਂ ਵਫਾਦਾਰੀ ਦੀ ਉਮੀਦ ਕਰਨਾ ਅਤੇ ਅਜਿਹਾ ਨਾ ਹੋਣ ਦੀ ਸੂਰਤ ਵਿੱਚ ਵੀ ਘਰੇਲੂ ਹਿੰਸਾ ਹੁੰਦੀ ਹੈ।
7) ਹਿੰਸਾ ਸਵੀਕ੍ਰਿਤੀ: ਔਰਤ ਹੋਣ ਦੇ ਨਾਂ ਤੇ ਅਤੇ ਮਰਦਾਂ ਤੇ ਆਰਥਿਕ ਨਿਰਭਰ ਹੋਣ ਕਰਕੇ ਔਰਤਾਂ ਆਪਣੇ ਆਪ ਨੂੰ ਕਮਜੋਰ ਮਹਿਸੂਸ ਕਰਦੀਆਂ ਹਨ ਅਤੇ ਆਪਣੇ ਆਪ ਦੇ ਬਚਾਅ ਲਈ ਹਿੰਸਾ ਨੂੰ ਸਵਿਕਾਰ ਕਰ ਲੈਂਦੀਆਂ ਹਨ। ਪੀੜਤ ਆਪਣੇ ਪਰਿਵਾਰ ਨਾਲੋਂ ਵੱਖ ਹੋਣ ਦੀ ਥਾਂ ਚੁੱਪ ਰਹਿ ਕੇ ਸਹਿਣ ਨੂੰ ਚੰਗਾ ਸਮਝਦੀਆਂ ਹਨ। ਉਹ ਸੁਧਾਰ ਦੀ ਆਸ ਕਰਦੀਆਂ ਹਨ ਪਰ ਅਕਸਰ ਦੇਖਿਆ ਜਾਂਦਾ ਹੈ ਕਿ ਬਿਨਾਂ ਕਿਸੇ ਮੱਦਦ ਦੇ ਹਿੱਸਾ ਹੋਰ ਵੱਧ ਜਾਂਦੀ ਹੈ। ਪੀੜਤ ਆਪਣੇ ਆਪ ਨੂੰ ਮਜ਼ਬੂਰ, ਦੋਸ਼ੀ ਸਮਝਣ ਲੱਗ ਜਾਂਦੀ ਹੈ ਇੱਥੋਂ ਤੱਕ ਕਿ ਉਹ ਇੱਕ ਕਮਜੋਰ ਰਿਸ਼ਤੇ ਪ੍ਰਤੀ ਸ਼ਰਮ ਮਹਿਸੂਸ ਕਰਦੀਆਂ ਹਨ ਤਾਂ ਉਹ ਚੁੱਪ ਕਰਕੇ ਹਿੰਸਾ ਅਤੇ ਪਰਿਵਾਰ ਦਾ ਭੱਦਾ ਵਿਵਹਾਰ ਸਹਿਣ ਕਰ ਲੈਂਦੀਆਂ ਹਨ।

### 2.2.5 ਘਰੇਲੂ ਹਿੰਸਾ ਪ੍ਰਤੀ ਜਾਗਰੂਕਤਾ

ਘਰੇਲੂ ਹਿੰਸਾ ਬਹੁਤ ਸਾਰੀਆਂ ਔਰਤਾਂ ਲਈ ਗੰਭੀਰ ਖਤਰਾ ਹੈ। ਹਰ ਇੱਕ ਨੂੰ ਇਸਦੇ ਸੰਕੇਤਾਂ ਦਾ ਪਤਾ ਹੋਣਾ ਚਾਹੀਦਾ ਹੈ। ਇਹ ਅਪਮਾਨਜਨਕ ਸੰਬੰਧ ਅਤੇ ਖਤਰਨਾਕ ਸਥਿਤੀ ਵਿਚੋਂ ਕਿਵੇਂ ਨਿਕਲਕੇ ਸਾਹਮਣੇ ਆਉਂਦੀ ਹੈ।

**ਘਰੇਲੂ ਹਿੰਸਾ ਨੂੰ ਪਛਾਨਣਾ :**

ਘਰੇਲੂ ਹਿੰਸਾ ਨੂੰ ਗੂੜਾ (ਮਿਤਰਤਾ) ਭਾਗੀਦਾਰ ਹਿੰਸਾ ਵੀ ਕਿਹਾ ਜਾਂਦਾ ਹੈ ਜੋ ਕਿ ਇਕ ਗੂੜਾ ਸੰਬੰਧ ਦੇ ਲੋਕਾਂ ਵਿਚਕਾਰ ਵਾਪਰਦੀ ਹੈ। ਘਰੇਲੂ ਹਿੰਸਾ ਬਹੁਤ ਸਾਰੇ ਰੂਪਾਂ ਵਿੱਚ ਹੁੰਦੀ ਹੈ ਇਸ ਵਿੱਚ ਸ਼ਾਮਲ ਹੈ : ਸ਼ਰੀਰਕ ਸ਼ੋਸ਼ਣ, ਭਾਵਨਾਤਮਕ ਅਤੇ ਜਿਨਸੀ ਸੰਬੰਧ ਅਤੇ ਬਦਸਲੂਕੀ ਦੀਆਂ ਧਮਕੀਆਂ। ਘਰੇਲੂ ਹਿੰਸਾ ਵਿਪਰੀਤ ਜਾਂ ਸਮਲਿੰਗੀ ਸੰਬੰਧਾਂ ਵਿੱਚ ਵੀ ਹੋ ਸਕਦੀ ਹੈ।

ਦੂਰ ਵਿਵਹਾਰ ਸੰਬੰਧ ਹਮੇਸ਼ਾ ਸ਼ਕਤੀ ਅਤੇ ਨਿਯੰਤਰਣ ਦਾ ਅਸੰਤੁਲਨ ਦਾ ਸੁਮੇਲ ਹੁੰਦੇ ਹਨ। ਦੁਰਵਿਵਹਾਰ ਕਰਨ ਵਾਲਾ ਆਪਣੇ ਸਾਥੀ ਨੂੰ ਨਿਯੰਤਰਣ ਕਰਨ ਲਈ ਡਰਾਉਣ-ਧਮਕਾਉਣ ਵਾਲੇ ਦੁਖੀ ਸ਼ਬਦਾਂ ਅਤੇ ਵਿਵਹਾਰ ਦੀ ਵਰਤੋਂ ਕਰਦਾ ਹੈ।

ਪਹਿਲਾਂ ਘਰੇਲੂ ਹਿੰਸਾ ਦੀ ਪਛਾਣ ਕਰਨੀ ਸੌਖਾ ਕੰਮ ਨਹੀਂ ਸੀ ਕਿਉਂਕਿ ਕੁਝ ਰਿਸ਼ਤਿਆਂ ਵਿੱਚ ਸ਼ੁਰੂ ਤੋਂ ਹੀ ਗਾਲਾਂ ਕੱਢਣੀਆਂ ਆਮ ਗੱਲ ਸੀ; ਦੁਰਵਿਵਹਾਰ ਸੂਖਮ ਢੰਗ ਨਾਲ ਸ਼ੁਰੂ ਹੁੰਦਾ ਹੈ ਅਤੇ ਸਮੇਂ ਦੇ ਨਾਲ–ਨਾਲ ਬਦਤਰ ਹੁੰਦਾ ਜਾਂਦਾ ਹੈ।

ਤੁਹਾਨੂੰ ਘਰੇਲੂ ਹਿੰਸਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਜੇ ਤੁਸੀਂ ਕਿਸੇ ਰਿਸ਼ਤੇ ਵਿੱਚ ਹੋ ਜੋ;

- ਤੁਹਾਡਾ ਨਾਮ ਲੈ ਕੇ ਤੁਹਾਨੂੰ ਅਪਮਾਨ ਕਰਦਾ ਹੈ ਅਤੇ ਤੁਹਾਨੂੰ ਨੀਵਾਂ ਦਿਖਾਉਂਦਾ ਹੈ।
- ਜੇ ਤੁਹਾਨੂੰ ਕੰਮ, ਸਕੂਲ ਜਾਂ ਪਰਿਵਾਰ ਦੇ ਮੈਂਬਰਾਂ ਜਾਂ ਦੋਸਤਾਂ ਨੂੰ ਮਿਲਣ ਤੋਂ ਰੋਕਦਾ ਹੈ।
- ਤੁਸੀਂ ਪੈਸਾ ਕਿਵੇਂ ਖਰਚਦੇ ਹੋ, ਕਿਥੇ ਜਾਂਦੇ ਹੋ, ਕਿਹੜੀਆਂ ਦਵਾਈਆਂ ਤੁਸੀਂ ਲੈਂਦੇ ਹੋ ਜਾਂ ਤੁਸੀਂ ਕੀ ਪਹਿਨਦੇ ਹੋ ਇਨ੍ਹਾਂ ਸਭ ਤੇ ਨਿਯੰਤਰਣ ਕਰਨ ਦੀ ਕੋਸ਼ਿਸ਼ ਕਰਦਾ ਹੈ।
- ਈਰਖਾ ਕਰਨਾ, ਮਾਲਕ ਬਣਨਾ ਅਤੇ ਲਗਾਤਾਰ ਬੇਇਮਾਨ ਹੋਣ ਦਾ ਕਾਰਣ ਲੱਭਣਾ।
- ਸ਼ਰਾਬ ਪੀ ਕੇ ਜਾਂ ਨਸ਼ੇ ਕਰਕੇ ਗੁੱਸਾ ਹੋਣਾ।
- ਜਦੋਂ ਤੁਸੀਂ ਸਿਹਤ ਦੇਖਭਾਲ ਪ੍ਰਦਾਤਾ ਨੂੰ ਮਿਲਦੇ ਹੋ ਤਾਂ ਨਿਯੰਤਰਣ ਕਰਨਾ।
- ਤੁਹਾਨੂੰ ਹਿੰਸਾ ਜਾਂ ਹਥਿਆਰਾਂ ਦੀ ਧਮਕੀ ਦੇਣਾ।
- ਤੁਹਾਨੂੰ, ਤੁਹਾਡੇ ਬੱਚਿਆਂ, ਤੁਹਾਡੇ ਪਾਲਤੂ ਜਾਨਵਰਾਂ ਨੂੰ ਠੁਡੇ ਮਾਰਨ, ਧੱਕੇ ਦੇਣਾ, ਥੱਪੜ ਮਾਰਨਾ ਅਤੇ ਹੋਰ ਨੁਕਸਾਨ ਕਰਨਾ।
- ਤੁਹਾਨੂੰ ਸੈਕਸ ਕਰਨ ਜਾਂ ਤੁਹਾਡੀ ਇੱਛਾ ਵਿਰੁੱਧ ਜਿਨਸੀ ਕੰਮਾਂ ਵਿੱਚ ਸ਼ਾਮਲ ਹੋਣ ਲਈ ਮਜ਼ਬੂਰ ਕਰਨਾ।
- ਆਪਣੇ ਹਿੰਸਕ ਵਤੀਰੇ ਲਈ ਤੁਹਾਨੂੰ ਹੀ ਜ਼ਿੰਮੇਵਾਰ ਠਹਿਰਾਉਣਾ ਅਤੇ ਕਹਿਣਾ ਕਿ ਤੁਸੀਂ ਇਸ ਦੇ ਹੱਕਦਾਰ ਹੋ।
- ਦੋਸਤਾਂ ਪਰਿਵਾਰਕ ਮੈਂਬਰਾਂ, ਸਹਿਯੋਗੀਆਂ ਅਤੇ ਸਮਾਜ ਦੇ ਮੈਂਬਰਾਂ ਵਿੱਚ ਤੁਹਾਡੇ ਜਿਨਸੀ ਸੰਬੰਧਾਂ ਬਾਰੇ ਦੱਸਣ ਦੀ ਧਮਕੀ ਦੇਵੇ।

**ਵਿਲਖਣ ਚੁਣੌਤੀਆਂ :** ਘਰੇਲੂ ਹਿੰਸਾ ਦੀਆਂ ਹੇਠ ਲਿਖੀਆਂ ਵਿਲਖਣ ਚੁਣੌਤੀਆਂ ਹਨ :

**(ੳ) ਜੇ ਪੀੜਤਾ ਪਰਵਾਸੀ ਹੈ :** ਇੱਕ ਵਿਅਕਤੀ ਇਸ ਗੱਲ ਤੋਂ ਵੀ ਡਰ ਜਾਂਦਾ ਹੈ ਤੇ ਸਹਾਇਤਾ ਨਹੀਂ ਲੈਂਦਾ ਕਿ ਮੈਨੂੰ ਦੇਸ਼ ਨਿਕਾਲਾ ਨਾ ਹੋ ਜਾਏ। ਭਾਸ਼ਾ ਦੀਆਂ ਬੰਦਸ਼ਾਂ, ਆਰਥਿਕ ਨਿਰਭਰਤਾ ਦੀ ਘਾਟ, ਸੀਮਤ ਸਮਾਜਿਕ ਸਹਾਇਤਾ ਤੁਹਾਨੂੰ ਅਲੱਗ ਥਲੱਗ ਕਰਦੀ ਹੈ। ਤੁਹਾਡੇ ਪਰਵਾਸੀ ਰੁਤਬੇ ਦੀ ਪ੍ਰਵਾਹ ਕੀਤੇ ਬਿਨ੍ਹਾਂ ਹਰੇਕ ਦੇਸ਼ ਵਿੱਚ ਘਰੇਲੂ ਦੁਰਵਿਵਹਾਰ ਤੋਂ ਤੁਹਾਡੀ ਸੁਰੱਖਿਆ ਕਰਨ ਦੇ ਗਰੰਟੀ ਕਾਨੂੰਨ ਹਨ। ਮੁਫਤ ਅਤੇ ਘੱਟ ਕੀਮਤ ਦੇ ਸਾਧਨਾਂ ਵਿੱਚ ਵਕੀਲ, ਤੁਹਾਡੇ ਬੱਚਿਆਂ ਲਈ ਮੈਡੀਕਲ ਸਹੂਲਤ ਅਤੇ ਰਿਹਾਇਸ਼ ਆਦਿ ਵੀ ਸ਼ਾਮਲ ਹੈ। ਜੋ ਪੀੜਤਾ ਘਰੇਲੂ ਹਿੰਸਾ ਦੀ ਸ਼ਿਕਾਰ ਹੈ ਉਸ ਨੂੰ ਬਾਹਰਲੇ ਦੇਸ਼ ਵਿੱਚ ਰਹਿਣ ਦੀ ਅਤੇ ਕਾਨੂੰਨੀ ਸਹਾਇਤਾ ਵੀ ਮਿਲ ਸਕਦੀ ਹੈ।

**(ਅ) ਜੇ ਪੀੜਤਾ ਵੱਡੀ ਉਮਰ ਦੀ ਔਰਤ ਹੈ :** ਪੀੜਤਾ ਨੂੰ ਉਸ ਦੀ ਉਮਰ ਅਤੇ ਰਿਸ਼ਤੇ ਦੀ ਲੰਬਾਈ ਦੀਆਂ ਚੁਣੌਤੀਆਂ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ। ਤੁਸੀਂ ਉਸ ਸਮੇਂ ਵਿੱਚ ਵੱਡੇ ਹੋਏ ਹੋ ਜਦੋਂ ਘਰੇਲੂ ਹਿੰਸਾ ਬਾਰੇ ਆਮ ਚਰਚਾ ਨਹੀਂ ਕੀਤੀ ਜਾਂਦੀ ਸੀ। ਤੁਹਾਨੂੰ ਜਾਂ ਤੁਹਾਡੇ ਸਾਥੀ ਨੂੰ ਸਿਹਤ ਸਮੱਸਿਆਵਾਂ ਹੋ ਸਕਦੀਆਂ ਹਨ। ਜੋ ਤੁਹਾਡੀ ਨਿਰਭਰਤਾ ਅਤੇ ਜ਼ਿੰਮੇਵਾਰੀ ਦੀ ਭਾਵਨਾ ਨੂੰ ਵਧਾਉਂਦੀਆਂ ਹਨ।

(ੲ) **ਜੇ ਦੋਵੇ ਸਮਲਿੰਗੀ ਰਿਸ਼ਤੇ ਵਿੱਚ ਹੋਣ :** ਜੇ ਤੁਸੀਂ ਆਪਣੇ ਜਿਨਸੀ ਰਿਸ਼ਤੇ ਦਾ ਖੁਲਾਸਾ ਨਹੀਂ ਕਰਨਾ ਚਾਹੁੰਦੇ ਤਾਂ ਕਿਸੇ ਹਮਲੇ ਤੋਂ ਬਾਅਦ ਮਦਦ ਦੀ ਮੰਗ ਕਰਨ ਦੀ ਘੱਟ ਸੰਭਾਵਨਾ ਹੋ ਸਕਦੀ ਹੈ। ਤੁਹਾਡਾ ਜਿਨਸੀ ਸ਼ੋਸ਼ਣ ਕੀਤਾ ਗਿਆ ਹੈ ਤਾਂ ਤੁਹਾਨੂੰ ਇਹ ਡਰ ਵੀ ਹੋ ਸਕਦਾ ਹੈ ਕਿ ਤੁਹਾਡੇ ਤੇ ਕੋਈ ਵਿਸ਼ਵਾਸ ਨਹੀਂ ਕੀਤਾ ਜਾਵੇਗਾ।

(ਸ) **ਗਰਭ ਅਵਸਥਾ, ਬੱਚੇ ਅਤੇ ਦੁਰਵਿਵਹਾਰ :** ਕਈ ਵਾਰ ਗਰਭਅਵਸਥਾ ਦੌਰਾਨ ਘਰੇਲੂ ਹਿੰਸਾ ਸ਼ੁਰੂ ਹੋ ਜਾਂਦੀ ਹੈ। ਤੁਹਾਡੀ ਅਤੇ ਤੁਹਾਡੇ ਬੱਚੇ ਦੀ ਸਿਹਤ ਖਤਰੇ ਵਿੱਚ ਹੋ ਜਾਂਦੀ ਹੈ। ਬੱਚੇ ਦੇ ਜਨਮ ਤੋਂ ਬਾਅਦ ਵੀ ਕਈ ਵਾਰ ਖਤਰਾ ਜਾਰੀ ਰਹਿੰਦਾ ਹੈ।

ਕਈ ਵਾਰ ਬੱਚੇ ਨਾਲ ਦੁਰਵਿਵਹਾਰ ਨਹੀਂ ਕੀਤਾ ਜਾਂਦਾ ਪ੍ਰੰਤੂ ਸਾਧਾਰਨ ਤੌਰ ਤੇ ਘਰੇਲੂ ਹਿੰਸਾ ਨੂੰ ਦੇਖਣਾ ਹੀ ਨੁਕਸਾਨਦੇਹ ਹੋ ਸਕਦਾ ਹੈ। ਜਿਹੜੇ ਬੱਚੇ ਘਰ ਵਿੱਚ ਹਿੰਸਾ ਦਾ ਦੁਰਵਿਵਹਾਰ ਦੇਖਕੇ ਵੱਡੇ ਹੁੰਦੇ ਹਨ ਉਨ੍ਹਾਂ ਦਾ ਵਿਵਹਾਰ ਹੋਰ ਬੱਚਿਆਂ ਦੇ ਵਿਵਹਾਰ ਨਾਲੋਂ ਸਮੱਸਿਆ ਵਾਲਾ ਵਿਵਹਾਰ ਹੁੰਦਾ ਹੈ। ਬਾਲਗ ਹੋਣ ਤੇ ਉਨ੍ਹਾਂ ਦਾ ਵਿਵਹਾਰ ਵੀ ਦੁਰਵਿਵਹਾਰ ਵਾਲਾ ਹੀ ਹੁੰਦਾ ਹੈ ਕਿਉਂਕਿ ਉਹ ਸੋਚਦੇ ਹਨ ਕਿ ਇਹ ਦੁਰਵਿਵਹਾਰ ਆਪਸੀ ਸੰਬੰਧਾਂ ਦਾ ਸਾਧਾਰਨ ਹਿੱਸਾ ਹੈ।

ਕਿਸੇ ਨੂੰ ਚਿੰਤਾ ਹੋ ਸਕਦੀ ਹੈ ਕਿ ਸੱਚ ਬੋਲਣ ਨਾਲ ਤੁਸੀਂ, ਤੁਹਾਡੇ ਬੱਚੇ ਜਾਂ ਹੋਰ ਪਰਿਵਾਰਕ ਮੈਂਬਰ ਖਤਰੇ ਵਿੱਚ ਪੈ ਜਾਣਗੇ ਅਤੇ ਹੋ ਸਕਦਾ ਹੈ ਕਿ ਇਹ ਗੱਲ ਤੁਹਾਡੇ ਪਰਿਵਾਰ ਨੂੰ ਤੋੜ ਦੇਵੇ। ਪਰ ਸਹਾਇਤਾ ਭਾਲਣਾ ਤੁਹਾਡਾ ਅਤੇ ਤੁਹਾਡੇ ਬੱਚਿਆਂ ਨੂੰ ਬਚਾਉਣ ਦਾ ਠੀਕ ਰਸਤਾ ਹੈ।

**ਘਰੇਲੂ ਹਿੰਸਾ ਦੇ ਚੱਕਰ ਨੂੰ ਤੋੜਨਾ :** ਘਰੇਲੂ ਹਿੰਸਾ ਦੇ ਚੱਕਰ ਨੂੰ ਤੋੜਨ ਦਾ ਇਕੋ ਇੱਕ ਰਸਤਾ ਹੈ ਕਾਰਵਾਈ ਕਰਨਾ। ਕਿਸੇ ਨੂੰ ਦੁਰਵਿਵਹਾਰ ਦੇ ਬਾਰੇ ਦੱਸ ਕੇ ਇਹ ਕਾਰਵਾਈ ਸ਼ੁਰੂ ਕਰੋ ਭਾਵੇਂ ਇਹ ਦੋਸਤ ਹੋਵੇ, ਪਿਆਰਾ ਹੋਵੇ, ਸਿਹਤ ਸੰਭਾਲ ਪ੍ਰਦਾਤਾ ਹੋਵੇ ਜਾਂ ਕੋਈ ਹੋਰ ਨਜ਼ਦੀਕੀ ਸੰਪਰਕ। ਤੁਸੀਂ ਰਾਸ਼ਟਰੀ ਘਰੇਲੂ ਹਿੰਸਾ ਦੀ ਹਾਟਲਾਈਨ ਨੂੰ ਵੀ ਬੁਲਾ ਸਕਦੇ ਹੋ। ਪਹਿਲਾਂ, ਪੀੜਤਾ ਨੂੰ ਦੁਰਵਿਵਹਾਰ ਬਾਰੇ ਗੱਲ ਕਰਨਾ ਮੁਸ਼ਕਲ ਲਗਦਾ ਸੀ, ਪਰ ਇਹ ਸਮਝਣਾ ਜ਼ਰੂਰੀ ਹੈ ਕਿ ਤੁਸੀਂ ਇਕੱਲੇ ਹੀ ਇਥੇ ਕੁਝ ਲੋਕ ਹਨ ਜੋ ਤੁਹਾਡੀ ਮਦਦ ਕਰ ਸਕਦੇ ਹਨ ਤੁਹਾਨੂੰ ਜਿੰਨੀ ਸਹਾਇਤਾ ਦੀ ਜ਼ਰੂਰਤ ਹੈ ਇਸ ਤਰ੍ਹਾਂ ਤੁਸੀਂ ਜ਼ਰੂਰ ਰਾਹਤ ਮਹਿਸੂਸ ਕਰੋਗੇ।

**ਸੁਰੱਖਿਆ ਯੋਜਨਾ ਬਣਾਓ :** ਦੁਰਵਿਵਹਾਰ ਕਰਨ ਵਾਲੇ ਨੂੰ ਛੱਡਣਾ ਖਤਰਨਾਕ ਹੋ ਸਕਦਾ ਹੈ ਇਸ ਲਈ ਹੇਠ ਲਿਖੀਆਂ ਸਾਵਧਾਨੀਆਂ ਨੂੰ ਵਰਤੋ :

- ਸਲਾਹ ਲਈ ਔਰਤਾਂ ਦੇ ਸ਼ਰਨ ਘਰ ਜਾਂ ਘਰੇਲੂ ਹਿੰਸਾ ਦੀ ਹਾਟਲਾਈਨ ਨੂੰ ਕਾਲ ਕਰੋ। ਕਾਲ ਉਸ ਸਮੇਂ ਕਰੋ ਜਦੋਂ ਦੁਰਵਿਵਹਾਰ ਕਰਨ ਵਾਲਾ ਤੁਹਾਡੇ ਨਜ਼ਦੀਕ ਨਾ ਹੋਵੇ।
- ਐਮਰਜੈਂਸੀ ਬੈਗ ਪੈਕ ਕਰਕੇ ਰੱਖੋ ਜਿਸ ਵਿੱਚ ਉਹ ਚੀਜ਼ਾਂ ਸ਼ਾਮਲ ਹੋਣ ਜੋ ਤੁਹਾਨੂੰ ਜਾਣ ਵੇਲੇ ਜ਼ਰੂਰਤ ਪੈਣਗੀਆਂ ਜਿਵੇਂ ਕਿ ਵਾਧੂ ਕਪੜੇ, ਕੁੰਜੀਆਂ, ਜ਼ਰੂਰੀ ਪੇਪਰ ਆਦਿ। ਬੈਗ ਨੂੰ ਸੁਰੱਖਿਅਤ ਜ਼ਗ੍ਹਾਹ ਤੇ ਛੱਡ ਦਿਓ, ਮਹੱਤਵਪੂਰਣ ਨਿੱਜੀ ਕਾਗਜ਼ਾਤ ਪੈਸੇ ਅਤੇ ਤਜਵੀਜ ਦਵਾਈਆਂ ਨਾਲ ਰਖੋ ਤਾਂ ਜੋ ਜ਼ਰੂਰਤ ਪੈਣ ਤੇ ਨਾਲ ਲਿਜਾ ਸਕੋ।
- ਇਹ ਪਤਾ ਹੋਣਾ ਚਾਹੀਦਾ ਹੈ ਕਿ ਤੁਸੀਂ ਕਿਥੇ ਜਾਵੋਗੇ ਤੇ ਉਥੇ ਕਿਵੇਂ ਪਹੁੰਚੋਗੇ।

**ਆਪਣੇ ਸੰਚਾਰ ਤੇ ਸਥਾਨ ਦੀ ਰੱਖਿਆ ਕਰੋ :** ਦੁਰਵਿਵਹਾਰ ਕਰਨ ਵਾਲਾ ਤੁਹਾਡੇ ਫੋਨ ਅਤੇ ਸੰਚਾਰ ਦੀ ਨਿਗਰਾਨੀ ਕਰਨ ਅਤੇ ਤੁਹਾਡੇ ਟਿਕਾਣੇ ਨੂੰ ਲੱਭਣ ਲਈ ਟੈਕਨੋਲੋਜੀ ਦੀ ਵਰਤੋਂ ਕਰ ਸਕਦਾ ਹੈ। ਜੇ ਤੁਸੀਂ ਆਪਣੀ ਸੁਰੱਖਿਆ ਲਈ ਚਿੰਤਤ ਹੋ ਤਾਂ ਆਪਣੀ ਗੋਪਨੀਅਤਾ ਕਾਇਮ ਰੱਖਣ ਲਈ ਮਦਦ ਲਓ।

- ਸਾਵਧਾਨੀ ਨਾਲ ਫੋਨ ਦੀ ਵਰਤੋਂ ਕਰੋ। ਤੁਹਾਡਾ ਦੁਰਵਿਵਹਾਰ ਕਰਨ ਵਾਲਾ ਵਿਅਕਤੀ ਤੁਹਾਡੀਆਂ ਕਾਲਾਂ ਨੂੰ ਰੋਕ ਸਕਦਾ ਹੈ ਜਾਂ ਸੁਣ ਸਕਦਾ ਹੈ। ਤੁਹਾਡੇ ਸੈਲਫੋਨ ਦੀ ਜਾਂਚ ਕਰ ਸਕਦਾ ਹੈ ਜਾਂ ਤੁਹਾਡਾ ਫੋਨ ਲਭ ਕੇ ਕਾਲ ਅਤੇ ਟੈਕਸਿੰਗ ਦੇ ਇਤਿਹਾਸ ਨੂੰ ਵੇਖ ਸਕਦਾ ਹੈ, ਬਿਲਿੰਗ ਰਿਕਾਰਡ ਜਾਂ ਕਾਲਰ ਆਈ.ਡੀ. ਦੀ ਵਰਤੋਂ ਕਰ ਸਕਦਾ ਹੈ।
- ਆਪਣੇ ਘਰ ਦਾ ਕੰਪਿਊਟਰ ਧਿਆਨ ਨਾਲ ਵਰਤੋਂ। ਤੁਹਾਡਾ ਦੁਰਵਿਵਹਾਰ ਕਰਨ ਵਾਲਾ ਤੁਹਾਡੀ ਈ-ਮੇਲ ਅਤੇ ਜਿਨ੍ਹਾਂ ਵੈਬਸਾਈਟ ਤੇ ਤੁਸੀਂ ਜਾਂਦੇ ਹੋ ਨੂੰ ਸਪਾਇਵੇਅਰ ਦੀ ਵਰਤੋਂ ਕਰਕੇ ਜਾਂਚ ਸਕਦਾ ਹੈ। ਕੰਮ ਉਪਰ ਜਾਂ ਲਾਇਬ੍ਰੇਰੀ ਜਾਂ ਜਿਹੜਾ ਦੋਸਤ ਤੁਹਾਡੀ ਮਦਦ ਕਰ ਰਿਹਾ ਹੈ ਉਸ ਦੇ ਕੰਪਿਊਟਰ ਦੀ ਵਰਤੋਂ ਕਰੋ।
- ਆਪਣੇ ਵਾਹਨ ਤੋਂ ਜੀ.ਪੀ.ਐਸ. ਉਪਕਰਣ ਹਟਾਓ। ਦੁਰਵਿਵਹਾਰ ਕਰਨ ਵਾਲਾ ਤੁਹਾਡਾ ਜੀ.ਪੀ.ਐਸ. ਰੋਕ ਸਕਦਾ ਹੈ ਜਾਂ ਧੋਖੇ ਨਾਲ ਆਪਣੇ ਟਿਕਾਣੇ ਤੇ ਇਸ਼ਾਰਾ ਕਰਵਾ ਸਕਦਾ ਹੈ।
- ਆਪਣੇ ਈ-ਮੇਲ ਪਾਸਵਰਡ ਬਦਲੋ ਪਾਸਵਰਡ ਉਹ ਚੁਣੋ ਜੋ ਤੁਹਾਡੇ ਦੁਰਵਿਵਹਾਰ ਕਰਨ ਵਾਲੇ ਦੇ ਅਨੁਮਾਨ ਤੋਂ ਬਾਹਰ ਹੋਵੇ।
- ਆਪਣੇ ਦੇਖੇ ਇਤਿਹਾਸ ਨੂੰ ਸਾਫ ਕਰੋ। ਜਿਹੜੀਆਂ ਵੈਬਸਾਈਟਾਂ ਅਤੇ ਗਰਾਫਿਕਸ ਤੁਸੀਂ ਦੇਖੇ ਹਨ ਉਨ੍ਹਾਂ ਨੂੰ ਹਟਾਉਣ ਲਈ ਬਰਾਉਸਰ ਦੀਆਂ ਹਦਾਇਤਾਂ ਦੀ ਪਾਲਣਾ ਕਰੋ।

**ਮਦਦ ਕਿਥੋਂ ਲੈਣੀ ਹੈ :** ਐਮਰਜੈਂਸੀ ਵਿੱਚ ਆਪਣਾ ਸਥਾਨਕ ਐਮਰਜੈਂਸੀ ਨੰਬਰ ਜਾਂ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਤੋਂ ਮਦਦ ਲਓ ਜੋ ਹੇਠ ਲਿਖੇ ਅਨੁਸਾਰ ਹਨ।

- ਜਿਸ ਤੇ ਤੁਸੀਂ ਭਰੋਸਾ ਕਰਦੇ ਹੋ। ਕਿਸੇ ਦੋਸਤ, ਪਿਆਰ ਕਰਨ ਵਾਲੇ, ਗੁਆਂਢੀ, ਸਹਿਕਰਮੀ ਜਾਂ ਧਾਰਮਿਕ ਸਲਾਹਕਾਰ ਵੱਲ ਸਹਾਇਤਾ ਲਈ ਜਾਓ।
- ਰਾਸ਼ਟਰੀ ਘਰੇਲੂ ਹਿੰਸਾ ਸਹਾਇਤਾ, ਸੰਕਟਕਾਲੀਨ ਦਖਲਅੰਦਾਜ਼ੀ ਅਤੇ ਸਰੋਤਾਂ ਦੇ ਹਵਾਲੇ ਜਿਵੇਂ ਔਰਤਾਂ ਦੀ ਪਨਾਹਗਾਰ ਨੂੰ ਹੋਟਲਾਈਨ ਤੇ ਕਾਲ ਕਰੋ।
- ਸਿਹਤ ਸੰਭਾਲ ਦਾਤਾ। ਡਾਕਟਰ ਅਤੇ ਨਰਸਾਂ ਜ਼ਖਮਾਂ ਦਾ ਇਲਾਜ ਕਰਕੇ ਤੁਹਾਨੂੰ ਸੁਰੱਖਿਅਤ ਰਿਹਾਇਸ਼ ਅਤੇ ਹੋਰ ਸਥਾਨਕ ਸਰੋਤ ਤੇ ਰੈਫਰ ਕਰ ਸਕਦੇ ਹਨ।
- ਸਥਾਨਕ ਔਰਤਾਂ ਦਾ ਪਨਾਹਗਾਰ ਜਾਂ ਸੰਕਟ ਕੇਂਦਰ।

24 ਘੰਟੇ ਐਮਰਜੈਂਸੀ ਪਨਾਹ ਦਿੰਦੇ ਹਨ, ਨਾਲ ਹੀ ਕਾਨੂੰਨੀ ਮਾਮਲਿਆਂ ਅਤੇ ਵਕਾਲਤ ਅਤੇ ਸਹਾਇਤਾ ਸੇਵਾਵਾਂ ਬਾਰੇ ਸਲਾਹ ਦਿੰਦੇ ਹਨ।

- **ਇੱਕ ਸਲਾਹ ਜਾਂ ਮਾਨਸਿਕ ਸਿਹਤ ਕੇਂਦਰ :** ਕਈ ਸਮੁਦਾਇਆ ਵਿੱਚ ਦੁਰਵਿਵਹਾਰ ਹੋ ਰਹੀਆਂ ਔਰਤਾਂ ਲਈ ਸਲਾਹ ਅਤੇ ਸਹਾਇਤਾ ਗਰੁੱਪ ਮੌਜੂਦ ਹਨ।
- **ਸਥਾਨਕ ਕੋਰਟ :** ਤੁਹਾਡੀ ਅਦਾਲਤ ਤੁਹਾਨੂੰ ਇੱਕ ਰੋਕਥਾਮ ਕਰਨ ਵਾਲੇ ਵਿਅਕਤੀ ਨੂੰ ਪ੍ਰਾਪਤ ਕਰਨ ਵਿੱਚ ਸਹਾਇਤਾ ਕਰ ਸਕਦੀ ਹੈ। ਜੋ ਕਿ ਦੁਰਵਿਵਹਾਰ ਕਰਨ ਵਾਲੇ ਨੂੰ ਤੁਹਾਡੇ ਤੋਂ ਦੂਰ ਰਹਿਣ ਜਾਂ ਗ੍ਰਿਫਤਾਰੀ ਦਾ ਸਾਹਮਣਾ ਕਰਨ ਲਈ ਕਾਨੂੰਨੀ ਤੌਰ ਤੇ ਹੁਕਮ ਦਿੰਦਾ ਹੈ। ਸਥਾਨਕ ਵਕੀਲ ਇਸ ਪ੍ਰਕ੍ਰਿਆ ਵਿੱਚ ਤੁਹਾਡੀ ਅਗਵਾਈ ਕਰਨ ਵਿੱਚ ਮਦਦ ਲਈ ਉਪਲੱਬਧ ਹੋ ਸਕਦਾ ਹੈ।
- **ਸਥਾਨਕ ਥਾਣਾ :** ਪੀੜਤਾ ਤੁਰੰਤ ਮਦਦ ਲਈ ਸਥਾਨਕ ਥਾਣੇ ਜਾਕੇ ਸਹਾਇਤਾ ਲੈ ਸਕਦਾ ਹੈ ਜੇ ਜ਼ਰੂਰੀ ਹੋਵੇ ਤਾਂ ਐਫ.ਆਈ.ਆਰ. ਵੀ ਦਰਜ ਕਰਵਾ ਸਕਦੇ ਹੋ।

– **ਮਹਿਲਾ ਸੈਲ :** ਪੀੜਤਾ ਮਹਿਲਾ ਸੈਲਾਂ ਵਿੱਚ ਵੀ ਜਾ ਕਦੀ ਹੈ ਜੋ ਸਾਡੀ ਸੋਸਾਇਟੀ ਵਿੱਚ ਔਰਤਾਂ ਦੀ ਸਿਹਤ ਸੰਬੰਧੀ ਸੁਰੱਖਿਆ ਲਈ ਬਣਾਏ ਗਏ ਹਨ।

### 2.2.6 ਘਰੇਲੂ ਹਿੰਸਾ ਤੋਂ ਔਰਤਾਂ ਦੀ ਸੁਰੱਖਿਆ ਕਰਨ ਲਈ ਐਕਟ (2005)

ਘਰੇਲੂ ਹਿੰਸਾ ਐਕਟ (2005) ਔਰਤਾਂ ਦੀ ਸੁਰੱਖਿਆ ਲਈ 2005 ਵਿੱਚ ਬਣਾਇਆ ਗਿਆ ਜਿਸ ਦਾ ਕਾਨੂੰਨੀ ਨਿਰਮਾਣ ਕਰਨ ਦਾ ਉਦੇਸ਼ ਹੈ ਕਿ ਘਰੇਲੂ ਸੰਬੰਧਾਂ ਵਿੱਚ ਹਿੰਸਾ ਤੋਂ ਔਰਤਾਂ ਨੂੰ ਕਿਵੇਂ ਸੁਰੱਖਿਅਤ ਰੱਖਣਾ। ਇਸ ਐਕਟ ਅਧੀਨ ਪੀੜਤ ਸੋਮੇ ਹਨ : ਪੀੜਤ ਔਰਤ ਨੂੰ ਮੈਡੀਕਲ ਸਹੂਲਤਾਂ ਪ੍ਰਦਾਨ ਕਰਨਾ, ਕਾਊਂਸਲਿੰਗ ਦੇਣ ਅਤੇ ਸਹਾਰਾ ਘਰ ਦੇ ਨਾਲ ਨਾਲ ਕਾਨੂੰਨੀ ਸਹਾਇਤਾ ਵੀ ਪ੍ਰਦਾਨ ਕਰਨੀ। ਇਹ ਭਾਰਤੀ ਪਾਰਲੀਮੈਂਟ ਦੁਆਰਾ ਪਾਸ ਕੀਤਾ ਐਕਟ ਹੈ ਜੋ ਕਿ ਔਰਤਾਂ ਨੂੰ ਘਰੇਲੂ ਹਿੰਸਾ ਤੋਂ ਬਚਾਉਂਦਾ ਹੈ। ਭਾਰਤੀ ਸਰਕਾਰ ਅਤੇ ਔਰਤਾਂ ਤੇ ਬੱਚਿਆਂ ਦੇ ਵਿਕਾਸ ਮੰਤਰਾਲੇ ਦੁਆਰਾ 26 ਅਕਤੂਬਰ 2006 ਨੂੰ ਇਸ ਨੂੰ ਮਾਨਤਾ ਮਿਲੀ। ਇਸ ਐਕਟ ਦੀ ਪ੍ਰੀਭਾਸ਼ਾ ਘਰੇਲੂ ਹਿੰਸਾ ਪਹਿਲੀ ਵਾਰ ਭਾਰਤੀ ਕਾਨੂੰਨ ਵਿੱਚ ਪ੍ਰਦਾਨ ਕੀਤੀ ਗਈ। ਇਸ ਪ੍ਰੀਭਾਸ਼ਾ ਨਾਲ ਘਰੇਲੂ ਹਿੰਸਾ ਦਾ ਅਰਥ ਹੋਰ ਵੀ ਵਿਸਥਾਰ ਵਿੱਚ ਦੱਸਿਆ ਗਿਆ ਜਿਵੇਂ ਕਿ ਭਾਵਨਾਤਮਕ/ਜ਼ਬਾਨੀ, ਲਿੰਗ ਅਤੇ ਆਰਥਿਕ ਦੁਰਵਿਵਹਾਰ। ਇਹ ਇੱਕ ਦੀਵਾਨੀ ਕਾਨੂੰਨ ਹੈ ਜਿਸ ਦਾ ਅਰਥ ਮੁਢਲੀ ਸੁਰੱਖਿਆ ਦਿੱਤਾ ਜਾਣਾ ਹੈ ਫਿਰ ਬਾਅਦ ਵਿੱਚ ਕਾਨੂੰਨੀ ਅਮਲ ਦੇ ਆਰਡਰ ਵੀ ਦਿੱਤੇ ਜਾਂਦੇ ਹਨ।
ਮੁਢਲੀ ਸੁਰੱਖਿਆ ਦਾ ਅਰਥ ਹੈ ਸਭ ਤੋਂ ਪਹਿਲਾਂ ਔਰਤ ਨੂੰ ਘਰ ਵਿੱਚ ਰਹਿ ਰਹੇ ਉਸ ਦੇ ਪਤੀ ਜਾਂ ਰਿਸ਼ਤੇਦਾਰਾਂ ਤੋਂ ਸੁਰੱਖਿਆ ਪ੍ਰਦਾਨ ਕਰਨਾ, ਫਿਰ ਇਸ ਕਾਨੂੰਨ ਨੂੰ ਵਧਾਇਆ ਗਿਆ, ਇਸ ਵਿੱਚ ਘਰਾਂ ਵਿੱਚ ਰਹਿੰਦੀਆਂ ਔਰਤਾਂ ਜਿਵੇਂ ਕਿ ਭੈਣਾਂ, ਵਿਧਵਾਵਾਂ ਅਤੇ ਮਾਵਾਂ ਨੂੰ ਵੀ ਸੁਰੱਖਿਆ ਪ੍ਰਦਾਨ ਕਰਨ ਨੂੰ ਕਿਹਾ ਗਿਆ। ਘਰੇਲੂ ਹਿੰਸਾ ਐਕਟ ਵਿੱਚ ਸ਼ਾਮਲ ਅਸਲ ਦੁਰਵਿਵਹਾਰ ਚਾਹੇ ਉਹ ਸਰੀਰਕ, ਲਿੰਗਕ, ਜ਼ਬਾਨੀ, ਭਾਵਨਾਤਮਕ ਜਾਂ ਆਰਥਿਕ ਜਾਂ ਦੁਰਵਿਵਹਾਰ ਦੀ ਧਮਕੀ ਹੋਣੇ ਹਨ। ਇਸ ਪ੍ਰੀਭਾਸ਼ਾ ਵਿੱਚ ਔਰਤ ਤੋਂ ਗੈਰ ਕਾਨੂੰਨੀ ਢੰਗ ਨਾਲ ਉਸਦੇ ਪਤੀ ਜਾਂ ਰਿਸ਼ਤੇਦਾਰਾਂ ਵਲੋਂ ਦਾਜ ਦੀ ਮੰਗ ਕਰਨਾ ਵੀ ਸ਼ਾਮਲ ਹੈ। ਇਸ ਐਕਟ ਵਿੱਚ ਹੇਠ ਲਿਖੀਆਂ ਸੈਕਸ਼ਨ ਹਨ।

1. **ਕਾਊਂਸਲਿੰਗ ਸੈਕਸ਼ਨ 14 :** ਦੋਵੇਂ ਧਿਰਾਂ ਨੂੰ ਜੋ ਇਸ ਵਿੱਚ ਸ਼ਾਮਲ ਹਨ ਜੱਜ ਦੁਆਰਾ ਕਾਊਂਸਲਿੰਗ ਪ੍ਰਦਾਨ ਕੀਤੀ ਜਾਂਦੀ ਹੈ।

2. **ਸੁਰੱਖਿਆ ਅਫਸਰ ਸੈਕਸ਼ਨ 9 :** ਹਰੇਕ ਜ਼ਿਲ੍ਹੇ ਵਿੱਚ ਇਸ ਐਕਟ ਅਧੀਨ ਸਰਕਾਰ ਵਲੋਂ ਇੱਕ ਸੁਰੱਖਿਆ ਅਫਸਰ ਨਿਯੁਕਤ ਹੋਣਾ ਚਾਹੀਦਾ ਹੈ, ਜੋ ਕਿ ਔਰਤ ਹੋਣੀ ਚਾਹੀਦੀ ਹੈ ਅਤੇ ਪੜ੍ਹੀ ਲਿਖੀ ਹੋਣੀ ਚਾਹੀਦੀ ਹੈ। ਸੁਰੱਖਿਆ ਅਫਸਰ ਦੀਆਂ ਡਿਊਟੀਆਂ ਵਿੱਚ ਸ਼ਾਮਲ ਹੈ : ਘਰੇਲੂ ਘਟਨਾ ਦੀ ਰਿਪੋਰਟ ਤਿਆਰ ਕਰਨਾ, ਸਹਾਰਾ ਘਰ ਪ੍ਰਦਾਨ ਕਰਨਾ, ਮੈਡੀਕਲ ਸਹੂਲਤਾਂ ਦੇਣੀਆਂ ਅਤੇ ਪੀੜਤਾ ਨੂੰ ਕਾਨੂੰਨੀ ਸਹਾਇਤਾ ਪ੍ਰਦਾਨ ਕਰਨੀ ਅਤੇ ਇਹ ਯਕੀਨੀ ਬਣਾਉਣਾ ਕਿ ਉੱਤਰਦਾਇਕ ਵਿਅਕਤੀ ਦੇ ਖਿਲਾਫ ਸੁਰੱਖਿਆ ਆਰਡਰ ਪੂਰੇ ਕੀਤੇ ਜਾ ਰਹੇ ਹਨ।

3. **ਸੁਰੱਖਿਆ ਆਰਡਰ ਸੈਕਸ਼ਨ 18 :** ਸੁਰੱਖਿਆ ਆਰਡਰ ਪੀੜਤਾ ਵੱਲੋਂ ਉੱਤਰਦਾਇਕ ਦੇ ਖਿਲਾਫ ਕਢੇ ਜਾ ਸਕਦੇ ਹਨ ਅਤੇ ਇਸ ਵਿੱਚ ਸ਼ਾਮਲ ਹੈ। ਹਿੰਸਾ ਕਦੋਂ ਕੀਤੀ, ਪੀੜਤਾਂ ਦੀ ਕਿਸੇ ਵੀ ਜਗ੍ਹਾ ਵਿੱਚ ਦਾਖਲ ਹੁੰਦਾ ਹੈ, ਜਿਸ ਦਾ ਸ਼ਿਕਾਰ ਅਕਸਰ ਪੀੜਤਾ ਜਾਂ ਉਸ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਕਰਦਾ ਹੈ ਜਾਂ ਪੀੜਤਾ ਦੀ ਕਿਸੇ ਕਿਸਮ ਦੀ ਜਾਇਦਾਦ ਨੂੰ ਸੀਮਤ ਕਰਦਾ ਹੈ ਜਾਂ ਪੀੜਤਾ ਦੇ ਦਿਲਚਸਪੀ ਰੱਖਣ ਵਾਲੇ ਲੋਕਾਂ ਲਈ ਹਿੰਸਾ ਦਾ ਕਾਰਨ ਬਣਦਾ ਹੈ।

4. **ਨਿਵਾਸ ਸਥਾਨ ਸੈਕਸ਼ਨ 19 :** ਮੈਜਿਸਟਰੇਟ ਜੇ ਮਹਿਸੂਸ ਕਰਦਾ ਹੈ ਕਿ ਪੀੜਤਾ ਜਵਾਬਦੇਹ ਦੇ ਘਰ ਵਿੱਚ ਸੁਰੱਖਿਅਤ ਨਹੀਂ ਹੈ ਤਾਂ ਉਹ ਨਿਵਾਸ ਸਥਾਨ ਬਦਲਣ ਦੀ ਚੋਣ ਕਰ ਸਕਦਾ ਹੈ। ਇਸ ਤੋਂ ਇਲਾਵਾ ਜਵਾਬਦੇਹ ਆਪਣੀ ਮਰਜ਼ੀ ਨਾਲ ਪੀੜਤਾ ਦੀ ਰਿਹਾਇਸ਼ੀ ਜਗ੍ਹਾ ਤੋਂ ਬਾਹਰ ਨਹੀਂ ਕੱਢ ਸਕਦਾ।

5. **ਮੁਦਰਾ ਰਾਹਤ ਸੈਕਸ਼ਨ 20 :** ਜਵਾਬਦੇਹ ਵਿਅਕਤੀ ਨੂੰ ਨੁਕਸਾਨ ਦੀ ਭਰਪਾਈ ਲਈ ਪੀੜਤਾ ਨੂੰ ਰਾਹਤ ਪ੍ਰਦਾਨ ਕਰਨੀ ਪੈਂਦੀ ਹੈ। ਜਿਸ ਵਿੱਚ ਸ਼ਾਮਲ ਹੈ ਕਮਾਈ ਦਾ ਨੁਕਸਾਨ, ਡਾਕਟਰੀ ਖਰਚੇ, ਨੁਕਸਾਨ ਅਤੇ ਪੀੜਤ ਅਤੇ ਉਸ ਦੇ ਬੱਚਿਆਂ ਦੀ ਦੇਖਭਾਲ ਆਦਿ।

**ਬੱਚਿਆਂ ਦੀ ਨਿਗਰਾਨੀ ਸੈਕਸ਼ਨ 21 :** ਬੱਚਿਆਂ ਦੀ ਨਿਗਰਾਨੀ ਪੀੜਤਾ ਦੀ ਜ਼ਰੂਰਤ ਅਨੁਸਾਰ ਮੰਨਣੀ ਚਾਹੀਦੀ ਹੈ ਜੇ ਜ਼ਰੂਰੀ ਹੋਵੇ ਤਾਂ ਜਵਾਬਦੇਹ ਵਿਅਕਤੀ ਨੂੰ ਆਪਣੇ ਬੱਚਿਆਂ ਨੂੰ ਮਿਲਣ ਦਾ ਅਧਿਕਾਰ ਵੀ ਹੋਣਾ ਚਾਹੀਦਾ ਹੈ।

### 2.2.7 ਸਾਰ :

ਔਰਤਾਂ ਨੂੰ ਸਮਾਜ ਦਾ ਇੱਕ ਮਹੱਤਵਪੂਰਨ ਹਿੰਸਾ ਮੰਨਿਆ ਜਾਂਦਾ ਹੈ ਅਤੇ ਮਰਦਾਂ ਦੇ ਬਰਾਬਰ ਸਨਮਾਨ, ਸਹੂਲਤਾਂ ਲੈਣ ਦੀ ਹੱਕਦਾਰ ਵੀ ਮੰਨਿਆ ਜਾਂਦਾ ਹੈ। ਪਰ ਅਸਲੀਅਤ ਇੰਨੀ ਚੰਗੀ ਨਹੀਂ ਹੈ। ਸੱਚਾਈ ਨਾਲ ਕਿਹਾ ਜਾਵੇ ਤਾਂ ਔਰਤਾਂ ਘਰ ਦੀ ਚਾਰ ਦੀਵਾਰੀ 'ਚ ਕੈਦ ਰਹਿ ਕੇ, ਕੰਮ ਕਰਨ ਦੀ ਜਗ੍ਹਾਂ ਤੇ, ਜਨਤਕ ਸਥਾਨਾਂ ਤੇ ਹਰ ਤਰ੍ਹਾਂ ਦਾ ਤੱਸ਼ਦਦ, ਹਿੰਸਾ ਅਤੇ ਜ਼ੁਲਮ ਸਹਿੰਦੀਆਂ ਹਨ।

ਜਦ ਤੱਕ ਔਰਤਾਂ ਆਪਣੇ ਆਪ ਨੂੰ ਸੰਗਠਿਤ ਨਹੀਂ ਕਰ ਲੈਂਦੀਆਂ ਉਦੋਂ ਤੱਕ ਉਹ ਮਰਦ ਹਕੂਮਤ ਨਾਲ ਨਹੀਂ ਲੜ ਸਕਦੀਆਂ। ਇਸ ਕਰਕੇ ਹਰ ਖੇਤਰ ਵਿੱਚ ਔਰਤਾਂ ਨੂੰ ਸੰਗਠਿਤ ਹੋਣ ਦੀ ਲੋੜ ਹੈ ਤਾਂ ਕਿ ਉਹ ਔਰਤਾਂ ਤੇ ਹੋ ਰਹੇ ਜ਼ੁਲਮਾਂ ਖਿਲਾਫ ਲੜ ਸਕਣ ਅਤੇ ਘਰੇਲੂ ਹਿੰਸਾ ਨੂੰ ਰੋਕ ਸਕਣ।

### 2.2.8 ਸੁਝਾਏ ਪ੍ਰਸ਼ਨ

1) ਘਰੇਲੂ ਹਿੰਸਾ ਤੋਂ ਕੀ ਭਾਵ ਹੈ? ਇਸ ਦੀਆਂ ਕਿਸਮਾਂ ਦੀ ਚਰਚਾ ਕਰੋ।
2) ਘਰੇਲੂ ਹਿੰਸਾ ਦੇ ਕਾਰਨਾਂ ਦੀ ਵਿਆਖਿਆ ਕਰੋ।

### 2.2.9 ਸੁਝਾਈਆਂ ਪੁਸਤਕਾਂ

Preeti Misra : Domestic Violence Against Women
Udai Veer: Crime Against Women

**ਪਾਠ ਨੰ: 2.3**

## ਜਲਦੀ ਵਿਆਹ, ਬਾਲ ਮਜ਼ਦੂਰੀ, ਮਾਦਾ ਭਰੂਣ ਹੱਤਿਆ ਅਤੇ ਬਾਲ ਹੱਤਿਆ

2.3.0 ਢਾਂਚਾ
2.3.1 ਉਦੇਸ਼
2.3.2 ਜਲਦੀ ਵਿਆਹ
  2.3.2.1 ਭੂਮਿਕਾ
  2.3.2.2 ਜਲਦੀ ਵਿਆਹ ਦੀਆਂ ਉਦਾਹਰਨਾਂ
  2.3.2.3 ਕਾਰਨ
  2.3.2.4 ਵਿਕਾਸ
2.3.3 ਬਾਲ ਮਜ਼ਦੂਰੀ
  2.3.3.1 ਭੂਮਿਕਾ
  2.3.3.2 ਬਾਲ ਮਜ਼ਦੂਰੀ ਦੇ ਬੱਦਤਰ ਰੂਪ
  2.3.3.3 ਬਾਲ ਮਜ਼ਦੂਰੀ ਦੇ ਕਾਰਨ
2.3.4 ਮਾਦਾ ਭਰੂਣ ਹੱਤਿਆ
  2.3.4.1 ਭੂਮਿਕਾ
  2.3.4.2 ਦੂਰਦਰਸ਼ੀ ਸਿੱਟੇ
  2.3.4.3 ਰੋਕਥਾਮ ਅਤੇ ਇਲਾਜ
2.3.5 ਬਾਲ ਹੱਤਿਆ
2.3.6 ਰੋਕਥਾਮ
2.3.7 ਸੁਝਾਏ ਪ੍ਰਸ਼ਨ
2.3.8 ਹਵਾਲੇ

### 2.3.1 ਉਦੇਸ਼

ਇਹ ਪਾਠ ਪੜ੍ਹਨ ਮਗਰੋਂ ਵਿਦਿਆਰਥੀ :

1. ਜਲਦੀ ਵਿਆਹ ਦੇ ਸੰਕਲਪ ਤੋਂ ਜਾਣੂੰ ਹੋ ਜਾਣਗੇ।
2. ਮਾਦਾ ਭਰੂਣ ਹੱਤਿਆ ਦੇ ਦੂਰਦਰਸ਼ੀ ਸਿੱਟਿਆਂ ਤੋ ਜਾਣੂ ਹੋ ਜਾਣਗੇ।
3. ਬਾਲ ਹੱਤਿਆ ਦੀ ਰੋਕਥਾਮ ਦੇ ਬਾਰੇ ਗਿਆਨ ਲੈਣਗੇ।

### 2.3.2 ਜਲਦੀ ਵਿਆਹ

#### 2.3.2.1 ਭੂਮਿਕਾ

ਸੰਸਾਰ ਭਰ ਵਿੱਚ ਵਿਆਹ ਨੂੰ ਇੱਕ ਉਤਸਵ ਅਤੇ ਬਾਲਗ ਜੀਵਨ ਦੀ ਇੱਕ ਅਹਿਮ ਘਟਨਾ ਸਵੀਕਾਰਿਆ ਜਾਂਦਾ ਹੈ। ਦੁੱਖ ਦੀ ਗੱਲ ਹੈ ਕਿ ਜਲਦ ਵਿਆਹ ਕੋਈ ਉਤਸਵ ਦਾ ਕਾਰਨ ਨਹੀਂ ਦਿੰਦਾ। ਬਹੁਤਾ

ਕਰਕੇ, ਇੱਕ ਬੱਚੇ ਉੱਪਰ ਵਿਆਹੁਤਾ ਸਾਥੀ ਨੂੰ ਲੱਦ ਦੇਣ ਦਾ ਅਰਥ ਹੀ ਬਾਲ ਵਿਆਹ ਹੈ ਕੁੜੀ ਜਾਂ ਮੁੰਡੇ ਦਾ ਬਚਪਨ ਅੱਧ ਵਿੱਚੋਂ ਹੀ ਕੱਟ ਦਿੱਤਾ ਜਾਦਾ ਹੈ ਅਤੇ ਉਹਨਾਂ ਦੇ ਬੁਨਿਆਦੀ ਹੱਕ ਖੋਹ ਲਏ ਜਾਂਦੇ ਹਨ।

ਦਬੀਆਂ ਹੋਈਆਂ ਜਨਸੰਖਿਆਵਾਂ ਵਿੱਚ ਜਲਦ ਵਿਆਹ ਦੇ ਬਣੇ ਰਹਿਣ ਅਤੇ ਸੰਭਾਵੀ ਵਾਧੇ ਪਿੱਛੇ ਇੱਕ ਬੁਨਿਆਦੀ ਕਾਰਨ ਗਰੀਬੀ ਹੈ, ਬੱਚੇ ਦੇ ਵਿਆਹ ਨੂੰ ਆਮ ਕਰਕੇ ਆਰਥਿਕ ਬਚਾਵ ਦੀ ਤਕਨੀਕ ਵਜੋਂ ਵੇਖਿਆ ਜਾਂਦਾ ਹੈ। ਇਸ ਦੇ ਇਲਾਵਾ ਇਹ ਕੁੜੀਆਂ ਨੂੰ ਸੁਰੱਖਿਆ ਦੇਣ ਦੇ ਸਾਧਨ ਵਜੋਂ ਵੀ ਵੇਖਿਆ ਜਾਂਦਾ ਹੈ ਅਤੇ ਸਮਾਜ ਨੂੰ ਦਬਾਉਣ ਵਾਲੀਆਂ ਸਥਿਤੀਆਂ ਦੇ ਖਿਲਾਫ ਇੱਕ ਸਥਿਰਤਾ ਲਿਆਉਣ ਵਾਲੇ ਦੇ ਤੌਰ ਤੇ ਵੀ ਵੇਖਿਆ ਜਾਂਦਾ ਹੈ। ਜਨਮ, ਵਿਆਹ ਅਤੇ ਮੌਤ ਬਹੁਤੇ ਲੋਕਾਂ ਦੇ ਜੀਵਨ ਦੀਆ ਮਹੱਤਵਪੂਰਨ ਘਟਨਾਵਾਂ ਦੀ ਤਿਕੜੀ ਹੈ ਪਰ ਸਿਰਫ ਵਿਆਹ ਵਿੱਚ ਹੀ ਚੋਣ ਕੀਤੇ ਜਾਣਾ ਸੰਭਵ ਹੈ। ਇਸ ਚੋਣ ਦੇ ਹੱਕ ਦੀ ਵਰਤੋਂ ਕਾਨੂੰਨ ਦੇ ਸਿਧਾਂਤ (principle of law) ਦੇ ਤੌਰ ਤੇ ਸਵੀਕਾਰਿਆ ਗਿਆ ਹੈ।

**2.3.2.2 ਜਲਦ ਵਿਆਹ ਦੀਆਂ ਉਦਾਹਰਨਾਂ**

1. ਰਾਜਸਥਾਨ, ਭਾਰਤ ਵਿੱਚ ਬਹੁਤ ਛੋਟੇ ਬੱਚਿਆਂ ਨੂੰ ਵਿਆਹੁਣ ਦੀ ਪ੍ਰਥਾ ਅਨੁਸਾਰ ਛੋਟੇ ਬੱਚੇ ਅਤੇ ਬੱਚੀਆਂ ਦੇ ਵਿਆਹ ਸਮੂਹਿਕ ਤੌਰ ਤੇ ਮਾਪਿਆਂ ਦੀ ਤਰਫ ਤੋਂ ਕੀਤੇ ਜਾਂਦੇ ਹਨ। ਇਹ ਵਰਤਿਆ ਪਰਖਿਆ ਤਰੀਕਾ ਹੈ ਪਰਿਵਾਰਾਂ ਵਿੱਚ ਗਰੀਬੀ ਅਤੇ ਜਾਇਦਾਦ ਨੂੰ ਅੱਗੇ ਤੋਰਨ ਦਾ। ਇੱਕ ਛੋਟਾ ਪਰ ਮਹੱਤਵਪੂਰਨ ਹਿੱਸਾ 10 ਤੋਂ ਛੋਟੀ ਉਮਰ ਦੇ ਬੱਚਿਆਂ ਦਾ ਹੁੰਦਾ ਹੈ ਜਦ ਕਿ ਕੁਝ ਤਾਂ ਬਿਲਕੁਲ ਹੀ ਦੋ ਜਾਂ ਤਿੰਨ ਸਾਲ ਦੇ ਦੁੱਧ ਮੂੰਹੇ ਹੁੰਦੇ ਹਨ।
2. ਬੰਗਲਾ ਦੇਸ਼: ਉਹਨਾਂ ਦੇ ਮਾਂ-ਬਾਪ ਨੂੰ ਕੁਝ ਹੱਦ ਤੱਕ ਆਰਥਿਕ ਬੋਝ ਤੋ ਅਜ਼ਾਦ ਕਰਨ ਖਾਤਰ ਜਿੱਥੇ ਕੁੜੀ ਦਾ ਪਰਿਵਾਰ ਗਰੀਬ ਹੈ ਜਾਂ ਉਸ ਦੇ ਮਾਂ ਬਾਪ ਮਰ ਚੁੱਕੇ ਹੋਣ, ਬਹੁਤ ਸਾਰੀਆਂ ਬੰਗਲਾ ਦੇਸ਼ੀ ਕੁੜੀਆਂ ਦਾ ਵਿਆਹ ਉਹਨਾਂ ਦੇ ਪਿਊਬਿਰਟੀ ਵਿੱਚ ਦਾਖਲ ਹੋਣ ਸਾਰ ਕਰ ਦਿੱਤਾ ਜਾਂਦਾ ਹੈ। ਉਹ ਤੀਜੀ ਜਾਂ ਚੌਥੀ ਪਤਨੀ ਦੇ ਤੌਰ ਤੇ ਬਹੁਤ ਵੱਡੇ ਪੁਰਸ਼ ਨਾਲ ਵਿਆਹੀ ਜਾ ਸਕਦੀ ਹੈ, ਕਾਮੁਕ (sexual) ਅਤੇ ਘਰੇਲੂ (domestic) ਨੌਕਰਾਣੀ ਦੀ ਭੂਮਿਕਾ ਨਿਭਾਉਣ ਲਈ। ਉਪਰ ਸਹਾਰਨ ਅਫਰੀਕਾ ਅਤੇ ਦੱਖਣੀ ਏਸ਼ੀਆ ਵਿੱਚ ਕੁੜੀਆਂ ਦੇ ਜਲਦੀ ਵਿਆਹ ਦੀ ਪ੍ਰਥਾ ਬਹੁਤ ਆਮ ਹੈ।

**2.3.2.3 ਕਾਰਨ**

**1. ਰੀਤੀ-ਰਿਵਾਜ (customs)**

ਵਿਆਹ ਨੂੰ ਕਈ ਚੀਜ਼ਾਂ ਘੇਰੀ ਰਖਦੀਆਂ ਹਨ ਜਿਵੇਂ-

ਵਿਆਹੁਣ ਯੋਗ ਉਮਰ ਅਤੇ ਸਾਥੀ ਦੀ ਚੋਣ ਸਭ ਸਮਾਜ ਦੇ ਪਰਿਵਾਰ ਪ੍ਰਤੀ ਨਜਰੀਏ ਇਸ ਦੀ ਭੂਮਿਕਾ, ਢਾਂਚੇ, ਜੀਵਨ ਤਰਜ ਅਤੇ ਪਰਿਵਾਰ ਦੇ ਮੈਂਬਰਾਂ ਦੀਆਂ ਇਕੱਲੇ-ਇੱਕਲੇ ਮੈਬਰ ਦੇ ਤੌਰ ਤੇ ਅਤੇ ਸਮੂਹਿਕ ਤੌਰ ਤੇ ਜਿਮੇਵਾਰੀਆਂ ਉੱਪਰ ਨਿਰਭਰ ਕਰਦਾ ਹੈ। ਵਿਆਹ ਦਾ ਵਿਚਾਰ (idea) ਅਤੇ ਭੂਮਿਕਾ (function) ਸੰਸਾਰ ਭਰ ਵਿੱਚ ਵੱਖੋ-ਵੱਖ ਹੈ ਅਤੇ ਨਿਰੰਤਰ ਵਿਕਾਸਸ਼ੀਲ ਹੈ।

**2. ਗਰੀਬੀ :**

ਜਿਥੇ ਗੰਭੀਰ ਗਰੀਬੀ ਹੈ ਉਥੇ ਇਹ ਜਲਦੀ ਵਿਆਹੁਣ ਦਾ ਪ੍ਰਮੁੱਖ ਕਾਰਨ ਹੈ। ਇੱਕ ਕੁੜੀ ਨੂੰ ਪਰਿਵਾਰ ਉੱਪਰ ਆਰਥਿਕ ਬੋਝ ਸਮਝਿਆ ਜਾਂਦਾ ਹੈ ਅਤੇ ਉਸਦੀ ਕਿਸੇ ਵੱਡੀ ਉਮਰ ਦੇ ਪੁਰਸ਼ ਇਥੋਂ ਤੱਕ ਕਿ ਬਜੁਰਗ ਨਾਲ ਵਿਆਹ ਹੋ ਜਾਂਦਾ ਹੈ। ਇਹ ਪਰਿਵਾਰ ਬਚਾਉਣ ਦੀ ਤਕਨੀਕ ਹੈ ਅਤੇ ਇਸ ਨੂੰ ਲੜਕੀ ਦੇ ਹਿੱਤ ਵਿੱਚ ਵੀ ਸਮਝਿਆ ਜਾ ਸਕਦਾ ਹੈ। ਹਾਲਾਂ ਕਿ ਬਹੁਤੇ ਦੇਸ਼ਾਂ ਵਿੱਚ ਵਿਆਹ ਨੂੰ ਘੱਟੋ-ਘੱਟ ਉਮਰ ਅਤੇ ਸਹਿਮਤੀ ਦੇ ਮਾਮਲੇ ਵਿੱਚ ਰੈਗੂਲੇਟ ਕਰਨ ਵਾਲੇ ਕਾਨੂੰਨ ਹਨ। ਇਹਨਾਂ ਕਾਨੂੰਨਾਂ ਦੀ ਠੀਕ ਪਾਲਣਾ ਨਹੀ ਹੁੰਦੀ ਅਤੇ ਘੱਟ

ਹੀ ਕਾਨੂੰਨ ਤੋੜਨ ਵਾਲੇ ਮਾਪਿਆਂ, ਵਿਆਹ ਕਰਵਾਉਣ ਵਾਲਿਆਂ ਅਤੇ ਜੋੜਿਆਂ ਖਿਲਾਫ ਕਾਰਵਾਈ ਕੀਤੀ ਜਾਂਦੀ ਹੈ।

**3. ਦਾਜ ਅਤੇ ਬਹੂ ਦੀ ਕੀਮਤ**

ਬਹੂ ਦੀ ਕੀਮਤ ਉਹ ਪੈਸਾ ਹੁੰਦਾ ਹੈ ਜੋ ਲਾੜੇ ਵੱਲੋਂ ਵਹੁਟੀ ਦੇ ਮਾਂ ਬਾਪ ਨੂੰ ਦਿੱਤਾ ਜਾਂਦਾ ਹੈ ਤਾਂ ਕਿ ਉਹ ਆਪਣੀ ਲੜਕੀ ਦੇ ਉਸ ਨਾਲ ਵਿਆਹ ਦੀ ਆਗਿਆ ਦੇ ਦੇਣ। ਕੁਝ ਦੇਸ਼ਾਂ ਵਿੱਚ ਵਹੁਟੀ ਦੀ ਉਮਰ ਜਿਨ੍ਹੀ ਘੱਟ ਹੋਵੇਗੀ ਉਸਦੀ ਕੀਮਤ ਉਤਨੀ ਵੱਧ ਹੋਵੇਗੀ। ਇਸ ਅਮਲ ਨਾਲ ਇੱਕ ਅਜਿਹਾ ਆਰਥਿਕ ਮਾਹੌਲ ਸਿਰਜਿਆ ਜਾਂਦਾ ਹੈ ਜਿੱਥੇ ਕੁੜੀਆਂ ਦੀ ਸਭ ਤੋ ਵੱਡੀ ਬੋਲੀ ਲਾਉਣ ਵਾਲੇ ਕੋਲ ਵਿਕਰੀ ਕੀਤੀ ਜਾਂਦੀ ਹੈ। ਕੁੜੀਆਂ ਦਾ ਬਾਲ ਵਿਆਹ ਘਟੀਆ ਆਰਥਿਕ ਹਾਲਤਾਂ ਵਿਚੋਂ ਨਿਕਲਣ ਅਤੇ ਕੁੜੀ ਦੇ ਮਾਪਿਆਂ ਲਈ ਆਮਦਨੀ ਦਾ ਇੱਕ ਸੋਮਾ ਹੈ।

4.

ਨਿਊਯੋਰਕ ਟਾਈਮਜ਼ ਦੀ ਇਕ ਰਿਪੋਰਟ ਅਤੇ ਬਹੁਤ ਸਾਰੇ ਵਿਦਵਾਨਾਂ ਦਾ ਦਾਅਵਾ ਹੈ ਕਿ ਭਾਰਤ ਵਿੱਚ ਬਾਲ ਵਿਆਹ ਦੀ ਸ਼ੁਰੂਆਤ ਕੋਈ 1000 ਸਾਲ ਪਹਿਲਾਂ ਮੁਸਲਿਮ ਹਮਲਿਆਂ ਨਾਲ ਹੋਈ। ਹਮਲਾਵਰਾਂ ਨੇ ਹਿੰਦੂ ਕੁੜੀਆਂ ਦੇ ਬਲਾਤਕਾਰ ਕੀਤੇ ਅਤੇ ਮਾਪਿਆਂ ਨੂੰ ਉਹਨਾਂ ਨੂੰ ਇਸ ਤੋਂ ਬਚਾਉਣ ਲਈ ਕੁੜੀਆਂ ਉਹਨਾਂ ਦੇ ਪਰਿਵਾਰ (ਮਾਪਿਆਂ) ਉੱਪਰ ਆਰਥਿਕ ਬੋਝ (economic burdon) ਬਣ ਗਈਆਂ। ਜਿਸ ਨੂੰ ਕੁੜੀ ਦੇ ਜਲਦ ਵਿਆਹ ਨਾਲ ਲਾਹਿਆ ਜਾ ਸਕਦਾ ਹੈ ਜਿਸ ਦਾ ਫਇਦਾ ਕੁੜੀ ਦੇ ਪਰਿਵਾਰ ਅਤੇ ਕੁੜੀ ਨੂੰ ਖੁਦ ਵੀ ਫਾਇਦਾ ਮਿਲਦਾ ਹੈ। ਵਿਆਹ ਦੀ ਸੁਰੱਖਿਆ ਰਾਹੀਂ ਵਿਵਾਦ ਨਜਿਠਣ ਵਿੱਚ ਵੀ ਖਾਸ ਭੂਮਿਕਾ ਹੈ। ਪਰਿਵਾਰ ਆਪਣੀਆਂ ਧੀਆਂ ਦੇ ਵਿਆਹ ਹਥਿਆਰ ਬੰਦ ਸਮੂਹਾਂ ਦੇ ਮੈਂਬਰਾਂ ਨਾਲ ਇਸ ਉਮੀਦ ਵਿੱਚ ਵਿਆਹ ਕਰ ਦਿੰਦੇ ਹਨ ਕਿ ਸ਼ਾਇਦ ਉਥੇ ਉਹ ਜ਼ਿਆਦਾ ਵਧੀਆ ਢੰਗ ਨਾਲ ਸੁਰੱਖਿਅਤ ਰਹਿਣਗੀਆਂ।

**5. ਧਰਮ ਅਤੇ ਸਿਵਲ ਕਾਨੂੰਨ**

ਹਾਲਾਂਕਿ ਬਹੁਤੇ ਦੇਸ਼ਾਂ ਵਿੱਚ ਵਿਆਹੁਣ ਯੋਗ ਉਮਰ 18 ਸਾਲ ਹੈ ਪਰ ਮਾਪਿਆਂ ਅਤੇ ਅਦਾਲਤ ਦੀ ਸਹਿਮਤੀ ਨਾਲ ਇਸ ਤੋਂ ਘੱਟ ਉਮਰ ਵਿੱਚ ਵੀ ਵਿਆਹ ਦੀ ਆਗਿਆ ਹੈ। ਕਾਨੂੰਨੀ ਤੌਰ ਤੇ ਆਗਿਆ ਪ੍ਰਾਪਤ ਵਿਆਹ ਜਰੂਰੀ ਤੌਰ ਤੇ ਬਾਲ ਵਿਆਹ ਦਾ ਵੱਡਾ ਹਿੱਸਾ ਨਹੀਂ ਹਨ।

UNICEF 'State of World's Children-2009' ਰਿਪੋਰਟ ਅਨੁਸਾਰ 20 ਤੋਂ 24 ਸਾਲ 47% ਭਾਰਤੀ ਔਰਤਾਂ ਤਾਂ ਵਿਆਹ 18 ਸਾਲ ਦੀ ਕਾਨੂੰਨ ਉਮਰ ਤੋਂ ਪਹਿਲਾ ਹੋਇਆ ਜਦ ਕਿ ਪੇਂਡੂ ਖੇਤਰਾਂ ਵਿੱਚ 56% ਔਰਤਾਂ ਦਾ ਵਿਆਹ 18 ਸਾਲ ਤੋਂ ਪਹਿਲਾਂ ਹੋਇਆ। ਰਿਪੋਰਟ ਨੇ ਇਹ ਵੀ ਦਿਖਾਇਆ ਕਿ ਸੰਸਾਰ ਦੇ 40% ਬਾਲ ਵਿਆਹ ਭਾਰਤ ਵਿੱਚ ਹੁੰਦੇ ਹਨ।

ਭਾਰਤ ਸਰਕਾਰ ਦੇ ਇਸਤਰੀ ਅਤੇ ਬਾਲ ਵਿਕਾਸ ਵਿਭਾਗਾਂ ਵੱਲੋਂ ਛਾਪੀ 'National Plan of Action of Children-2005' ਅਨੁਸਾਰ ਬਾਲ ਵਿਆਹ ਨੂੰ 2010 ਤੱਕ ਬਿਲਕੁਲ ਹੀ ਖਤਮ ਕਰਨ ਦਾ ਉਦੇਸ਼ ਰੱਖਿਆ ਗਿਆ। ਇਹ ਯੋਜਨਾ ਅਸਫਲ ਰਹੀ।

**2.3.2.4 ਵਿਕਾਸ**

ਬਾਲ ਵਿਆਹ ਦੀ ਉੱਚੀ ਦਰ ਦੇਸ਼ਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੀ ਹੈ ਕਿਉਂਕਿ ਇਸ ਨਾਲ ਕੁੜੀਆਂ ਦੀ ਪੜ੍ਹਾਈ ਅਤੇ ਕਿਰਤ ਮੰਡੀ ਵਿਚ ਉਹਨਾਂ ਦੀ ਹਿੱਸੇਦਾਰੀ ਪ੍ਰਭਾਵਿਤ ਹੁੰਦੀ ਹੈ। ਉਚੀ ਬਾਲ ਵਿਆਹ ਦਰ 8 ਮਿਲੇਨੀਅਮ ਉਦੇਸ਼ਾਂ ਦੀ ਪੂਰਤੀ ਅਤੇ ਗਰੀਬੀ ਦੇ ਖਾਤਮੇ ਨੂੰ ਲਈ ਕੀਤੀ ਜਤਨਾਂ ਉਪਰ ਆਪਣੇ ਸਿੱਖਿਅਕ

ਪ੍ਰਾਪਤੀ (educational attainment) ਆਰਥਿਕ ਅਤੇ ਰਾਜਨੀਤਿਕ ਹਿੱਸੇਦਾਰੀ ਅਤੇ ਸਿਹਤ ਉਪਰਲੇ ਪ੍ਰਭਾਵਾਂ ਕਰਕੇ ਪ੍ਰਭਾਵ ਪਉਂਦੀ ਹੈ।

**2.3.3 ਬਾਲ ਮਜ਼ਦੂਰੀ :**

**2.3.3.1 ਭੂਮਿਕਾ**

ਬਸਤੀਵਾਦੀ ਰਾਜ ਤੋਂ ਅਜ਼ਾਦੀ ਪ੍ਰਾਪਤ ਕਰਨ ਮਗਰੋਂ ਭਾਰਤ ਨੇ ਕਈ ਸੰਵਿਧਾਨਕ ਰੱਖਿਆਵਾਂ ਅਤੇ ਕਾਨੂੰਨ ਬਾਲ ਮਜ਼ਦੂਰੀ ਉਪਰ ਪਾਸ ਕੀਤੇ ਹਨ। ਭਾਰਤੀ ਸੰਵਿਧਾਨ, ਬੁਨਿਆਦੀ ਹੱਕਾਂ ਅਤੇ ਰਾਜ ਦੇ ਨੀਤੀ ਨਿਰਦੇਸ਼ਕ ਸਿਧਾਤਾਂ ਵਿੱਚ 14 ਸਾਲ ਤੋਂ ਘੱਟ ਉਮਰ ਦੀ ਬਾਲ ਮਜ਼ਦੂਰੀ ਕਿਸੇ ਵੀ ਕਾਰਖਾਨੇ ਖਦਾਨ ਜਾਂ ਕਿਸੇ ਵੀ ਹੋਰ ਖਤਰਨਾਕ ਕਿੱਤੇ ਨੂੰ ਮਨ੍ਹਾਂ ਕਰਦਾ ਹੈ (ਆਰਟੀਕਲ 24)। ਸੰਵਿਧਾਨ ਨੇ ਭਾਰਤ ਦੇ 1960 ਤੱਕ 6 ਤੋਂ 14 ਸਾਲ ਦੇ ਸਾਰੇ ਬੱਚਿਆਂ ਦੀ ਮੁਫਤ ਅਤੇ ਲਾਜ਼ਮੀ ਸਿੱਖਿਆ ਲਈ ਬੁਨਿਆਦੀ ਢਾਂਚਾ ਅਤੇ ਸਰੋਤ ਜੁਟਾਉਣ ਲਈ ਵੀ ਸੁਪਨਾ ਵੇਖਿਆ (ਆਰਟੀਕਲ 21-A ਅਤੇ ਆਰਟੀਕਲ -45) ਭਾਰਤ ਵਿਚ ਸੰਘੀ ਕਿਸਮ ਦੀ ਸਰਕਾਰ ਹੈ ਅਤੇ ਕਿਰਤ/ਮਜ਼ਦੂਰੀ ਸਾਂਝੀ ਸੂਚੀ ਵਿੱਚ ਹੋਣ ਕਰਕੇ ਕੇਂਦਰ ਅਤੇ ਰਾਜ ਸਰਕਾਰਾਂ ਦੋਹੇਂ ਹੀ ਇਸ ਬਾਰੇ ਕਾਨੂੰਨ ਬਣਾ ਸਕਦੇ ਹਨ। ਪ੍ਰਮੁੱਖ ਕੌਮੀ ਕਾਨੂੰਨਾਂ ਵਿੱਚ ਹੇਠ ਲਿਖੇ ਸ਼ਾਮਲ ਹਨ:

**ਫੈਕਟਰੀਜ਼ ਐਕਟ-1948:**

ਐਕਟ ਕਿਸੇ ਵੀ ਫੈਕਟਰੀ ਵਿੱਚ 14 ਸਾਲ ਤੋਂ ਘੱਟ ਉਮਰ ਦੇ ਬੱਚੇ ਨੂੰ ਨੌਕਰੀ ਦੇਣ ਤੋਂ ਮਨ੍ਹਾਂ ਕਰਦਾ ਹੈ। ਕਾਨੂੰਨ ਨੇ ਕੌਣ, ਕਦੋ਼ ਅਤੇ ਕਦੋਂ ਤੱਕ 15-18 ਸਾਲ ਦੇ ਨਾਬਾਲਗਾ ਨੂੰ ਫੈਕਟਰੀਆਂ ਵਿੱਚ ਨੌਕਰੀ ਦੇਣ ਬਾਰੇ ਵੀ ਨਿਯਮਾਂ ਬਣਾਏ।

**ਮਾਈਨਜ਼ ਐਕਟ-1952:**

ਐਕਟ 18 ਸਾਲ ਤੋਂ ਘੱਟ ਉਮਰ ਦੇ ਬਚਿਆ ਨੂੰ ਖਦਾਨ ਵਿੱਚ ਕੰਮ ਕਰਨ ਤੋਂ ਰੋਕਦਾ ਹੈ।

**ਚਾਈਲਡ ਲੇਬਰ (ਪ੍ਰੋਹਿਬਸ਼ਨ ਅਤੇ ਰੈਗੂਲੇਸ਼ਨ) ਐਕਟ-1986:**

ਐਕਟ ਕਾਨੂੰਨ ਦੁਆਰਾ ਪਛਾਣੇ ਗਏ ਖਤਰਨਾਕ ਪੇਸ਼ਿਆ ਵਿੱਚ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਰੱਖਣ ਦੀ ਮਨਾਹੀ ਕਰਦਾ ਹੈ। ਇਹਨਾਂ ਪੇਸ਼ਿਆਂ ਦੀ ਸੂਚੀ ਨੂੰ ਪਹਿਲਾਂ 2006 ਵਿੱਚ ਅਤੇ ਫਿਰ 2008 ਵਿੱਚ ਵਧਾਇਆ ਗਿਆ।

**ਜੁਵੀਨਾਈਲ ਜਸਟਿਸ (ਕੇਅਰ ਐਂਡ ਪ੍ਰੋਟੈਕਸ਼ਨ) ਆਫ ਚਿਲਡਰਨ ਐਕਟ-2000 :**

ਕਾਨੂੰਨ ਨੇ ਕਿਸੇ ਵੀ ਬੱਚੇ ਨੂੰ ਕਿਸੇ ਵੀ ਖਤਰਨਾਕ ਕੰਮ ਉੱਤੇ ਲਗਾਉਣ ਜਾਂ ਬੰਦੀ ਮਜ਼ਦੂਰੀ ਕਰਾਉਣ ਨੂੰ, ਕੈਦ ਦੀ ਸਜਾ ਯੋਗ ਜੁਰਮ ਬਣਾਇਆ।

**ਰਾਈਟ ਆਫ ਚਿਲਡਰਨ ਟੂ ਫਰੀ ਐਂਡ ਕੰਪਲਸਰੀ ਐਜੂਕੇਸ਼ਨ ਐਕਟ-2009:**

ਕਾਨੂੰਨ 6-14 ਸਾਲ ਦੇ ਹਰੇਕ ਬੱਚੇ ਲਈ ਮੁਫਤ ਅਤੇ ਲਾਜ਼ਮੀ ਸਿੱਖਿਆ ਜ਼ਰੂਰੀ ਬਣਾਉਂਦਾ ਹੈ। ਕਾਨੂੰਨ ਨੇ ਨਿੱਜੀ ਸਕੂਲਾਂ ਵਿੱਚ 25% ਸੀਟਾਂ ਦੁਰਕਾਰੇ ਹੋਏ disadvantaged ਸਮੂਹਾਂ ਅਤੇ ਸਰੀਰਕ ਤੌਰ ਤੇ ਅਪਾਹਿਜ ਬੱਚਿਆਂ ਲਈ ਰਾਖਵੀਆਂ ਰੱਖਣ ਨੂੰ ਕਿਹਾ।

ਭਾਰਤ ਨੇ 1987 ਵਿੱਚ ਬਾਲ ਮਜ਼ਦੂਰੀ ਬਾਰੇ ਇਕ ਕੌਮੀ ਨੀਤੀ ਤਿਆਰ ਕੀਤੀ। ਪਾਲਸੀ ਖਤਰਨਾਕ ਪੇਸ਼ਿਆਂ ਵਿੱਚ ਪਏ ਬੱਚਿਆਂ ਦੇ ਮੁੜ ਵਸੇਬੇ ਲਈ ਇਕ ਪੜਾਅਵਾਰ ਅਤੇ ਧੀਮੀ ਪਹੁੰਚ ਅਪਨਾਉਣਾ ਚਾਹੁੰਦੀ ਹੈ। ਇਹ ਬਾਲ ਮਜ਼ਦੂਰੀ ਦੇ ਗਰੀਬੀ ਵਰਗੇ ਮੂਲ ਕਾਰਨਾਂ ਨੂੰ ਖਤਮ ਕਰਨ ਲਈ ਇਸ ਵਿਸ਼ੇ ਵਿੱਚ ਬਣੇ ਭਾਰਤੀ ਕਾਨੂੰਨ ਨੂੰ ਸਖਤੀ ਨਾਲ ਲਾਗੂ ਕਰਨ ਅਤੇ ਵਿਕਾਸ ਮੁਖੀ ਪ੍ਰੋਗਰਾਮ ਤਿਆਰ ਕਰਨ ਨੂੰ ਰਹਿੰਦੀ ਹੈ। 1988 ਵਿੱਚ ਇਸੇ ਸਦਕਾ ਕੌਮੀ ਬਾਲ ਮਜ਼ਦੂਰੀ ਪ੍ਰੋਜੈਕਟ NCLP ਅਰੰਭ ਹੋਇਆ। ਭਾਰਤ ਸਰਕਾਰ ਦੇ 6 ਬਿਲੀਅਨ

ਪੈਸੇ ਨਾਲ ਬਾਲ ਮਜਦੂਰੀ ਦੇ ਖਾਤਮੇ ਲਈ ਇਹ ਪ੍ਰੋਜੈਕਟ ਲਗਾਤਾਰ ਜਾਰੀ ਹੈ। ਇਹਨਾਂ ਯਤਨਾਂ ਦੇ ਬਾਵਜੂਦ ਬਾਲ ਮਜ਼ਦੂਰੀ ਭਾਰਤ ਲਈ ਵੱਡੀ ਚੁਣੋਤੀ ਬਣੀ ਹੋਈ ਹੈ।

**2..3.2 ਬਾਲ ਮਜ਼ਦੂਰੀ ਦੇ ਬੱਦਤਰ ਰੂਪ**

ਜਦਕਿ ਬਾਲ ਮਜ਼ਦੂਰੀ ਦੇ ਕਈ ਰੂਪ ਹਨ, ਪਹਿਲਾ ਸਭ ਤੋਂ ਬਦਤਰ (ਘਟੀਆ) ਕਿਸਮ ਦੇ ਕਿੱਤਿਆਂ ਨੂੰ ਖਤਮ ਕਰਨ ਦੀ ਹੈ, ਜਿਵੇਂ ਕਿ ILO convention No. 182 ਦੇ ਆਰਟੀਕਲ 3 ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ।

ੳ) ਹਰ ਕਿਸਮ ਦੀ ਗੁਲਾਮੀ ਅਤੇ ਗੁਲਾਮੀ ਵਰਗੀਆਂ ਪਰੰਪਰਾਵਾਂ ਜਿਵੇਂ ਕਿ ਬੱਚਿਆਂ ਦਾ ਵਪਾਰ ਅਤੇ ਤਸ਼ਕਰੀ, ਕਰਜੇ ਕਰਕੇ ਬੰਦੀ ਮਜ਼ਦੁਰ ਅਤੇ ਧੱਕੇ ਨਾਲ ਮਜ਼ਦੂਰ ਬਣਾਏ, ਜਿਸ ਵਿੱਚ ਧੱਕੇ ਨਾਲ ਜਾਂ ਲਾਜ਼ਮੀ ਤੌਰ ਤੇ ਬੱਚਿਆਂ ਦੀ ਹਥਿਆਰਬੰਦ ਟਕਰਾਵ ਵਿੱਚ ਵਰਤੋਂ ਲਈ ਭਰਤੀ।

ਅ) ਵੇਸਵਾ ਵ੍ਰਿਤੀ ਨੰਗੀਆਂ ਫਿਲਮਾਂ ਦੇ ਨਿਰਮਾਣ ਜਾਂ ਨੰਗੀਆਂ ਪੇਸ਼ਕਾਰੀਆਂ ਕਰਨ ਲਈ ਬੱਚਿਆਂ ਦੀ ਵਰਤੋਂ ਉਪਲਬਧ ਕਰਨਾ ਅਤੇ ਪੇਸ਼ ਕਰਨਾ ।

ੲ) ਕੌਮਾਂਤਰੀ ਸਮਝੌਤਿਆਂ ਵਿੱਚ ਪਰਿਭਾਸ਼ਿਤ ਕੀਤੇ ਨਸ਼ਿਆਂ ਦੇ ਉਤਪਾਦਨ ਅਤੇ ਤਸ਼ਕਰੀ ਵਿੱਚ ਬੱਚਿਆਂ ਦੀ ਵਰਤੋਂ ਕਰਨਾ, ਉਪਲਬਧ ਕਰਨਾ ਜਾਂ ਪੇਸ਼ ਕਰਨਾ।

ਸ) ਕੰਮ ਜਿਹੜੇ ਆਪਣੀ ਪ੍ਰਕਿਰਤੀ ਜਾਂ ਉਹਨਾਂ ਹਾਲਾਤਾਂ ਕਰਕੇ ਜਿਹਨਾਂ ਵਿੱਚ ਕੀਤੇ ਜਾਂਦੇ ਹਨ ਜਿਨ੍ਹਾਂ ਕਰਕੇ ਬੱਚਿਆਂ ਦੀ ਸਿਹਤ, ਸੁਰਖਿਆ ਜਾਂ ਸਦਾਚਾਰ ਨੂੰ ਨੁਕਸਾਨ ਪਹੁੰਚਾ ਸਕਦੇ ਹਨ।

ਮਜ਼ਦੂਰੀ ਜਿਹੜੀ ਕਿਸੇ ਬੱਚੇ ਦੇ ਸਰੀਰਕ, ਮਾਨਸਿਕ ਜਾਂ ਸਦਾਚਾਰਕ ਸਿਹਤ ਵਿੱਚ ਰੁਕਾਵਟ ਬਣਦੀ ਹੈ ਖਤਰਨਾਕ ਕੰਮ hazardous work ਦੇ ਤੌਰ ਤੇ ਜਾਣੀ ਜਾਂਦੀ ਹੈ।

**8.3.3 ਬਾਲ ਮਜ਼ਦੂਰੀ ਦੇ ਕਾਰਨ:**

ਕਾਫੀ ਵੱਡੇ ਮਾਨਵੀ ਇਤਿਹਾਸ ਦੌਰਾਨ ਅਤੇ ਵੱਖੋ–ਵੱਖ ਸੱਭਿਅਤਾਵਾਂ ਵਿੱਚ 8 ਸਾਲ ਤੋ ਘੱਟ ਉਮਰ ਦੇ ਬੱਚਿਆਂ ਨੇ ਪਰਿਵਾਰ ਭਲਾਈ ਵਿੱਚ ਕਈ ਤਰ੍ਹਾਂ ਨਾਲ ਯੋਗਦਾਨ ਪਾਇਆ ਹੈ। UNICEF ਨੇ ਸੁਝਾਇਆ ਹੈ ਕਿ ਗਰੀਬੀ ਬਾਲ ਮਜ਼ਦੂਰੀ ਦਾ ਵੱਡਾ ਕਾਰਨ ਹੈ। ਰਿਪੋਰਟ ਵਿੱਚ ਇਹ ਵੀ ਵੇਖਿਆ ਗਿਆ ਹੈ ਕਿ ਸੰਸਾਰ ਦੇ ਪੇਂਡੂ ਐਤ ਘੱਟ ਵਿਕਸਿਤ ਹਿੱਸਿਆਂ ਵਿੱਚ ਬੱਚਿਆਂ ਕੋਲ ਕੋਈ ਹੋਰ ਸਾਰਥਕ ਬਦਲ ਹੈ, ਵੀ ਨਹੀ। ਸਕੂਲਾਂ ਅਤੇ ਅਧਿਆਪਕਾਂ ਦੀ ਅਣਹੋਂਦ ਹੈ। ਬਾਲ ਮਜ਼ਦੂਰੀ ਕੁਦਰਤੀ ਸਿੱਟਾ ਹੈ। ਇਸੇ ਪ੍ਰਕਾਰ UNICEF ਦੀ ਇੱਕ ਰਿਪੋਰਟ ਅਨੁਸਾਰ ਗਰੀਬੀ ਐਤ ਅਢੁੱਕਵੀ ਜਨਤਕ ਸਿੱਖਿਆ ਦਾ ਢਾਂਚਾ ਭਾਰਤ ਵਿੱਚ ਬਾਲ ਮਜ਼ਦੂਰੀ ਦੇ ਕੁਝ ਕਾਰਨ ਹਨ।

ਕੁੜੀਆਂ ਅਤੇ ਮੁੰਡਿਆਂ ਵਿਚਕਾਰ UNICEF ਨੇ ਵੇਖਿਆ ਕਿ ਕੁੜੀਆਂ ਦੇ ਸਕੂਲ ਤੋਂ ਬਾਹਰ ਰਹਿਣ ਅਤੇ ਘਰੇਲੂ ਭੂਮਿਕਾ ਵਿੱਚ ਕੰਮ ਕਰਨ ਦੇ ਮੁੰਡਿਆਂ ਦੇ ਮੁਕਾਬਲੇ ਦੁੱਗਣੇ ਚਾਂਸ ਹਨ। UNICEF ਦਾ ਦਾਅਵਾ ਹੈ ਕਿ ਸੀਮਤ ਸਾਧਨਾਂ ਵਾਲੇ ਮਾਪਿਆਂ ਨੂੰ ਵੇਖਣਾ ਪੈਂਦਾ ਹੈ ਕਿ ਕਿਹੜੇ ਸਕੂਲ ਦੀ ਫੀਸ ਅਤੇ ਖਰਚੇ ਉਹ ਸਹਿ ਸਕਦੇ ਹਨ। ਭਾਰਤ ਸਮੇਤ ਪੂਰੇ ਸੰਸਾਰ ਵਿੱਚ ਕੁੜੀਆਂ ਨੂੰ ਸਕੂਲਾਂ ਵਿੱਚ ਵੀ ਪੱਖ ਪਾਤ ਕਰਕੇ ਅਤੇ ਘਟੀਆ ਪਾਠਕ੍ਰਮ ਕਾਰਨ ਪ੍ਰੇਸ਼ਾਨ ਕੀਤਾ ਜਾਂਦਾ ਹੈ ਅਤੇ ਵੱਖਰੇ ਰੱਖਿਆ ਜਾਂਦਾ ਹੈ। ਅਜਿਹਾ ਉਹਨਾਂ ਨਾਲ ਸਿਰਫ ਉਹਨਾਂ ਪ੍ਰੇਸ਼ਾਨ ਕੀਤਾ ਜਾਂਦਾ ਹੈ ਅਤੇ ਵੱਖਰੇ ਰੱਖਿਆ ਜਾਂਦਾ ਹੈ। ਅਜਿਹਾ ਉਹਨਾ ਨਾਲ ਸਿਰਫ ਉਹਨਾਂ ਦੇ ਲਿੰਗ ਕਰਕੇ ਕੀਤਾ ਜਾਂਦਾ ਹੈ ਜਿਸ ਕਰਕੇ ਜਾਂ ਤਾਂ ਉਹਨਾਂ ਨੂੰ ਸਕੂਲ ਤੋਂ ਬਾਹਰ ਰੱਖਿਆ ਜਾਂਦਾ ਹੈ ਜਾਂ ਉਹ ਸਕੂਲ ਛੱਡ ਜਾਂਦੀਆ ਹਨ ਅਤੇ ਬਾਲ ਮਜ਼ਦੂਰੀ ਕਰਦੀਆਂ ਹਨ।

ਕੌਮਾਂਤਰੀ ਮਜ਼ਦੂਰ ਸੰਗਠਨ (International Labour Organization-ILO) ਅਤੇ Spreading Smiles Through Education Organization (SSEO) ਅਨੁਸਾਰ ਗਰੀਬੀ ਇੱਕੋ ਇੱਕ ਵੱਡਾ ਕਾਰਨ ਹੈ ਜੋ ਬੱਚਿਆਂ ਨੂੰ ਕੰਮ ਤੇ ਲਿਆਉਂਦਾ ਹੈ। ਬੱਚੇ ਦੇ ਕੰਮ ਤੋ ਹੋਣ ਵਾਲੀ ਕਮਾਈ ਉਸਦੇ ਆਪਣੇ ਅਤੇ ਪਰਿਵਾਰ ਦੇ ਨਿਰਬਾਹ ਲਈ ਮਹੱਤਵਪੂਰਨ ਹੈ। ਕੁਝ ਪਰਿਵਾਰਾਂ ਲਈ, ਉਹਨਾਂ ਦੇ ਬੱਚਿਆਂ ਤੋਂ ਹੋਣ ਵਾਲੀ ਆਮਦਨ ਪਰਿਵਾਰ ਦੀ ਕਮਾਈ ਦਾ 25% ਤੋਂ 40% ਹਿੱਸਾ ਹੁੰਦੀ ਹੈ।

ILO ਦੇ 2008 ਦੇ ਇੱਕ ਅਧਿਐਨ ਅਨੁਸਾਰ ਬੱਚਿਆਂ ਨੂੰ ਨੁਕਸਾਨਦਾਇਕ ਮਜ਼ਦੂਰੀ ਵੱਲ ਲਿਆਉਣ ਵਾਲਾ ਕਰਕੇ ਚੰਗੀ ਸਿੱਖਿਆ ਦਾ ਉਪਲੱਬਧੀ ਨਾ ਹੋਣਾ ਹੈ। ਕਈ ਬਿਰਾਦਰੀਆਂ ਖਾਸ ਕਰ ਪੇਂਡੂ ਖੇਤਰਾਂ ਕੋਲ ਢੁਕਵੀਆਂ ਸਕੂਲ ਸੁਵਿਧਾਵਾਂ ਨਹੀਂ ਹਨ। ਜੇ ਕਿਤੇ ਸਕੂਲ ਹਨ ਵੀ ਤਾਂ ਬਹੁਤ ਦੂਰ ਹਨ ਅਤੇ ਪਹੁੰਚ ਕਠਿਨ ਹੈ, ਮਹਿੰਗੇ ਹਨ ਜਾਂ ਸਿੱਖਿਆਵਾਂ ਦੀ ਗੁਣਵੱਤਾ ਇਤਨੀ ਘਟੀਆ ਹੈ ਕਿ ਮਾਪੇ ਸੋਚਦੇ ਹਨ ਕਿ ਕੀ ਉਥੇ ਜਾਣ ਦਾ ਫਾਇਦਾ ਵੀ ਹੈ। ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਜਦੋਂ ਬੱਚੇ ਆ ਵੀ ਜਾਂਦੇ ਹਨ ਤਾਂ 25% ਸਮੇਂ ਦੌਰਾਨ ਅਧਿਆਪਕ ਨਹੀਂ ਪਹੁੰਚਦੇ। 2008 ਦਾ ILO ਦਾ ਅਧਿਐਨ ਸੁਝਾਉਦਾ ਹੈ ਬੱਚੇ ਦੇ ਕਿਸੇ ਚੰਗੇ ਪ੍ਰਾਈਮਰੀ ਜਾਂ ਸਕੈਂਡਰੀ ਸਕੂਲ ਵਿੱਚ ਜਾਣ ਦੀ ਥਾਵੇਂ ਕੰਮਾਂ ਤੇ ਜਾਣ ਨਾਲ ਉਪਜੀ ਅਨਪੜ੍ਹਤਾ, ਉਸ ਬੱਚੇ ਦੇ ਬੁਨਿਆਦੀ ਵਿਦਿਅਕ ਅਧਾਰ ਨੂੰ ਸੀਮਤ ਕਰਦੀ ਹੈ। ਉਹ ਬੁਨਿਆਦੀ ਜੋ ਉਸ ਲਈ ਹੋਰ ਕੌਸ਼ਲ ਸਿੱਖਣ ਅਤੇ ਇਕ ਬਾਲਗ ਦੇ ਤੌਰ ਤੇ ਜਿੰਦਗੀ ਲਈ ਸਹਾਈ ਹੋਣੇ ਸਨ। ਇਸੇ ਤਰ੍ਹਾਂ ਦੀ UNICEF ਦੀ ਇੱਕ ਪੁਰਾਣੀ ਰਿਪੋਰਟ ਨੇ ILO ਦੀ ਰਿਪੋਰਟ ਦੇ ਮੁਦਿਆਂ ਨੂੰ ਸਮੇਟਿਆਂ UNICEF ਦੀ ਰਿਪੋਰਟ ਨੇ ਦਾਅਵਾ ਕੀਤਾ ਕਿ ਭਾਰਤ ਦੀ 90 ਬਾਲ ਮਜ਼ਦੂਰੀ ਪੇਂਡੂ ਖੇਤਰਾਂ ਵਿੱਚ ਹੈ ਅਤੇ ਵਧੀਆ ਸਕੂਲਾਂ ਦੀ ਪ੍ਰਾਪਤੀ ਵਿੱਚ ਅਸ਼ਾਵਾਂਪਣ ਹੈ। ਦਾਅਵਾ ਕੀਤਾ ਗਿਆ ਕਿ 50% ਸਰਕਾਰੀ ਸਕੂਲਾਂ ਕੋਲ ਇਮਾਰਤ ਨਹੀ ਹੈ, 40% ਵਿੱਚ ਚਾਕ ਬੋਰਡ ਨਹੀ, ਕਿਸੇ ਕਿਸੇ ਕੋਲ ਕਿਤਾਬਾਂ ਹਨ ਅਤੇ 97% ਬਜਟ ਦਾ ਹਿੱਸਾ, ਅਧਿਆਪਕਾਂ ਅਤੇ ਪ੍ਰਬੰਧਕਾਂ ਦੀਆਂ ਤਨਖਾਹਾਂ ਵਿੱਚ ਚਲਿਆ ਜਾਂਦਾ ਹੈ। 2012 ਦੇ ਵਾਲ ਸਟਰੀਟ ਪਤਰਕਾਂ wall street journal ਅਨੁਸਾਰ ਹਾਲਾਂਕਿ ਭਾਰਤੀ ਸਕੂਲਾਂ ਵਿੱਚ 6-14 ਸਾਲ ਦੇ ਬਚਿਆਂ ਦਾ ਦਾਖਲ ਹੈਰਾਨੀਜਨਕ ਤਰੀਕੇ ਨਾਲ 96% ਤੱਕ ਵਧਿਆ ਹੈ । 40 ਸਕੂਲਾਂ ਦਾ ਬੁਨਿਆਦੀ ਢਾਂਚਾ ਜਿਸਦਾ ਮਕਸਦ ਬਾਲ ਮਜ਼ਦੂਰੀ ਖਤਮ ਕਰਨਾ ਹੈ ਉਹ ਨਹੀ ਸੁਧਰਿਆ। 81,000 ਤੋਂ ਵੱਧ ਸਕੂਲਾਂ ਕੋਲ ਚਾਕ ਬੋਰਡ ਅਤੇ ਲਗਭਗ 42,000 ਸਰਕਾਰੀ ਸਕੂਲਾਂ ਬਿਨਾਂ ਇਮਾਰਤ ਦੇ ਹੀ ਚੱਲ ਰਹੇ ਹਨ।

ਬਿਗੇਰੀ ਅਤੇ ਮੈਹਰੋਟਰਾ ਨੇ ਬਾਲ ਮਜ਼ਦੂਰੀ ਨੂੰ ਉਤਸ਼ਾਹਿਤ ਕਰਨ ਵਾਲੇ ਵਿਅਸ਼ਟੀ ਅਰਥ ਸ਼ਾਸਤਰੀ (ਵਿਅਸ਼ਟੀ ਜਾਂ macroeconomics ਅਰਥ ਸਾਸਤਰ ਦੀ ਉਹ ਸ਼ਾਖ ਹੈ ਜੋ ਦੇਸ਼ ਦੀ ਸਮੁੱਚੀ ਆਰਥਿਕਤਾ ਦਾ ਅਧਿਐਨ ਕਰਦੀ ਹੈ ਇਸਦੇ ਉਲਟ ਸਮਸ਼ਟੀ ਜਾਂ microeconomics ਹੁੰਦੀ ਹੈ ਜੋ ਛੋਟੀ ਆਰਥਿਕਤਾ ਜਿਵੇਂ ਕਿਸੇ ਪਰਿਵਾਰ ਜਾਂ ਕਿਸੇ ਫੈਕਟਰੀ ਦੀ ਆਰਥਿਕਤਾ ਦਾ ਅਧਿਐਨ ਕਰਦੀ ਹੈ।) ਕਾਰਕਾਂ ਦਾ ਅਧਿਐਨ ਕੀਤਾ। ਉਹਨਾਂ ਦੇ ਅਧਿਐਨ ਦਾ ਕੇਂਦਰ ਪੰਜ ਏਸ਼ੀਆਈ ਦੇਸ਼-ਭਾਰਤ, ਪਾਕਿਸਤਾਨ, ਇੰਡੋਨੇਸ਼ੀਆ, ਥਾਈਲੈਂਡ ਅਤੇ ਫਿਲੀਪੀਜੇਂਸ ਸਨ।

ਉਹਨਾਂ ਅਨੁਸਾਰਾਂ ਪੰਜਾਂ ਮੁਲਕਾਂ ਵਿੱਚ ਹੀ ਬਾਲ ਮਜ਼ਦੂਰੀ ਗੰਭੀਰ ਸਮੱਸਿਆ ਹੈ ਪਰ ਇਹ ਕੋਈ ਨਵੀਂ ਸਮੱਸਿਆ ਨਹੀਂ ਹੈ । ਵਿਅਸ਼ਟੀ ਅਰਥਸਾਸ਼ਤਰੀ ਸਮੂਹ ਸੰਸਾਰ ਵਿੱਚ ਹੀ ਬਾਲ ਮਜ਼ਦੂਰੀ ਨੂੰ ਲਗਭਗ ਸਾਰੇ ਮਾਨਵੀ ਇਤਿਹਾਸ ਵਿੱਚ ਹੀ ਪ੍ਰੋਤਸਾਹਨ ਦਿੰਦੀ ਹੈ। ਉਹਨਾਂ ਅਨੁਸਾਰ ਬਾਲ ਮਜ਼ਦੂਰੀ ਦੇ ਕਾਰਨ ਮੰਗ ਅਤੇ ਪੂਰਤੀ ਦੋਹਾਂ ਸਿਰਿਆਂ ਤੇ ਹੀ ਪਏ ਹੋਏ ਹਨ। ਜਦਕਿ ਗਰੀਬੀ ਅਤੇ ਵਧੀਆ ਸਕੂਲਾਂ ਦੀ ਕਮੀ ਪੂਰਤੀ ਪੱਖ ਨੂੰ ਦਰਸਾਉਦਾ ਹੈ। ਰਸਮੀ ਤਰਾਂ ਦੀ ਆਰਥਿਕਤਾ ਨੂੰ ਸੰਗਠਿਤ ਆਰਥਿਕਤਾ ਜਾਂ ਵੀ ਕਿਹਾ ਜਾਂਦਾ ਹੈ। ਭਾਰਤ

ਵਿੱਚ ਕਠੋਰ ਕਿਰਤ ਕਾਨੂੰਨ ਅਤੇ ਰੈਗੂਲੇਸ਼ਨ ਹਨ। ਇਹ ਕਾਨੂੰਨ ਸੰਗਠਿਤ ਆਰਥਿਕਤਾ ਜਿੱਥੇ ਕੰਮ ਦੀ ਸੁਰੱਖਿਆ ਦੀ ਨਿਗਰਾਨੀ ਸਰਲ ਹੈ ਕੰਮ ਉਤਪਾਦਕ ਹੈ ਅਤੇ ਭੱਤੇ ਜ਼ਿਆਦਾ ਹਨ ਦੇ ਵਿਕਾਸ ਵਿੱਚ ਰੁਕਾਵਟ ਲਾਉਂਦੇ ਹਨ। ਨਤੀਜੇ ਵਜੋਂ ਕੰਮ ਗੈਰ ਸੰਗਠਿਤ ਗੈਰ ਰਸਮੀ ਖੇਤਰ ਵੱਲ ਮੁੜ ਜਾਂਦਾ ਹੈ। ਨਤੀਜੇ ਵਜੋਂ ਗੈਰ ਸੰਗਠਿਤ ਖੇਤੀਬਾੜੀ ਵਿੱਚ ਹੀ 60% ਬਾਲ ਮਜ਼ਦੂਰ ਹਨ। ਇਸ ਦੇ ਇਲਾਵਾ ਗੈਰ ਸੰਗਠਿਤ ਵਪਾਰ, ਰਿਟੇਲ ਆਦਿ ਖੇਤਰ ਹਨ। ਜੋ ਕਿ ਬੱਚਿਆਂ ਨੂੰ ਨੌਕਰੀ ਦੇਣ ਵਾਲੇ ਸਭ ਤੋਂ ਵੱਡੇ ਖੇਤਰ ਹਨ। ਜੇ ਕਾਨੂੰਨ ਅਤੇ ਵਿਅਸ਼ਟੀ ਆਰਥਿਕ ਕਾਰਕ ਸੰਗਠਿਤ ਖੇਤਰ ਦੇ ਵਿਕਾਸ ਨੂੰ ਰੋਕਦੇ ਹਨ ਤਾਂ ਪਰਿਵਾਰਾਂ ਦਾ ਗੈਰ ਰਸਮੀ ਖੇਤਰ ਵਿਕਸਿਤ ਹੁੰਦਾ ਹੈ ਜੋ ਘਟ ਕੀਮਤਾਂ ਤੇ ਅਸਾਨੀ ਨਾਲ ਮਿਲਣ ਵਾਲੇ ਅਤੇ ਅਸਾਨੀ ਨਾਲ ਕੱਢੇ ਜਾ ਸਕਣ ਵਾਲੇ ਕਿਰਤੀ ਬਾਲ ਮਜ਼ਦੂਰੀ ਦੇ ਰੂਪ ਵਿੱਚ ਭਰਤੀ ਕਰਦਾ ਹੈ। ਜਿੱਥੇ ਬੱਚੇ ਸਕੂਲ ਜਾਂਦੇ ਵੀ ਹਨ ਉਥੇ ਉਹ ਸਕੂਲੋਂ ਆ ਕੇ ਘਰ ਵਿੱਚ ਹੋ ਰਹੇ ਉਤਪਾਦਕ ਅਤੇ ਆਰਥਿਕ ਕੰਮ ਵਿਚ ਕੰਮ ਕਰਦੇ ਹਨ। ਹੋਰ ਵਿਦਿਵਾਨਾਂ ਨੇ ਵੀ ਸੁਝਾਇਆ ਹੈ ਭਾਰਤੀ ਕਿਰਤ ਮੰਡੀ ਦਾ ਗੈਰ ਲਚਕੀਲਾਪਣ ਅਤੇ ਬਣਤਰ, ਗੈਰ ਰਸਮੀ ਆਰਥਿਕਤਾ ਦਾ ਅਕਾਰ, ਉਦਯੋਗਾਂ ਦੀ ਵਿਕਾਸ ਕਰਨ ਪੱਖੋਂ ਅਸਮਰੱਥਾ ਅਤੇ ਆਧੁਨਿਕ ਤਕਨੀਕੀ ਦੀ ਗੈਰ ਉਪਲਬਧਤਾ ਪ੍ਰਮੁੱਖ ਵਿਅਸ਼ਟੀ ਅਰਥਸਾਸ਼ਤਰੀ ਕਾਰਨ ਹਨ ਜੋ ਬਾਲ ਮਜ਼ਦੂਰੀ ਦੀ ਮੰਗ ਅਤੇ ਸਵੀਕਾਰਤਾ ਨੂੰ ਪ੍ਰਭਾਵਿਤ ਕਰਦੇ ਹਨ।

ਸਿਗਨੋ ਦੀ ਸਲਾਹ ਹੈ ਕਿ ਭਾਰਤ ਵਿੱਚ ਸਰਕਾਰ ਨੇ ਜ਼ਮੀਨ ਦੀ ਮੁੜਵੰਡ (redistribution) ਪ੍ਰੋਗਰਾਮ ਬਣਾਏ ਅਤੇ ਲਾਗੂ ਕੀਤੇ ਜਿਥੇ ਗਰੀਬ ਪਰਿਵਾਰਾਂ ਨੂੰ ਜ਼ਮੀਨ ਦੇ ਛੋਟੇ ਪਲਾਟ ਇਸ ਵਿਚਾਰ ਨਾਲ ਦਿੱਤੇ ਗਏ ਕਿ ਉਹਨਾਂ ਵਿੱਚ ਆਰਥਿਕ ਆਤਮ ਨਿਰਭਰਤਾ ਆਵੇਗੀ ਪਰ ਇਸ ਦਾ ਦੂਜਾ ਅਣਇੱਛਤ ਅਸਰ ਬਾਲ ਮਜ਼ਦੂਰੀ ਦਾ ਵਧਣਾ ਹੈ। ਉਹਨਾਂ ਨੇ ਪਾਇਆ ਕਿ ਛੋਟੇ ਪਲਾਟਾਂ ਵਿੱਚ ਮਜ਼ਦੂਰੀ ਜ਼ਿਆਦਾ ਕਰਨੀ ਪੈਂਦੀ ਹੈ ਕਿਉਂਕਿ ਛੋਟੇ ਪਲਾਟ ਮਾਲਕ ਮਹਿੰਗੇ ਸਾਜੋ ਸਮਾਨ ਨਹੀਂ ਖਰੀਦ ਸਕਦੇ। ਇਸ ਹਾਲਤ ਵਿੱਚ ਪਲਾਟ ਤੋਂ ਉਪਜ ਵਧਾਉਣ ਦਾ ਤਰੀਕਾ ਬਾਲ ਮਜ਼ਦੂਰੀ ਸਮੇਤ ਮਜ਼ਦੂਰੀ ਵਧਾਉਣਾ ਹੈ।

## 8.4 ਮਾਦਾ ਭਰੂਣ ਹੱਤਿਆ :

### 8.4.1 ਭੂਮਿਕਾ:

ਹੋਣ ਵਾਲੇ ਬੱਚੇ ਦੇ ਲਿੰਗ ਨਿਰਧਾਰਨ ਦੀ ਇੱਛਾ ਹਰ ਜਗਾਹ ਹੈ। ਵੱਖ- ਵੱਖ ਕਲਚਰ ਇੱਛਤ ਲਿੰਗ ਦੇ ਬੱਚੇ ਦੇ ਗਰਭਧਾਰਨ ਅਤੇ ਜਨਮ ਲਈ ਕਈ ਪ੍ਰਕਾਰ ਦੇ ਲੋਕ ਤਰੀਕੇ (folk-ways) ਵਰਤਦੇ ਹਨ।

ਉਦਾਹਰਨ ਲਈ ਪ੍ਰੰਪਰਾਗਤ ਭਾਰਤੀ ਸਮਾਜ ਲੜਕੇ ਦੇ ਗਰਭਧਾਰਨ (conception) ਲਈ ਲੰਮੇ-ਚੌੜੇ ਤਰੀਕੇ ਅਪਣਾਉਂਦੇ ਸਨ ਜਦ ਕਿ ਉਦਯੋਗੀ ਸਮਾਜਾਂ ਦੇ ਜੋੜੇ ਗਰਭਧਾਰਨ ਹੋ ਚੁੱਕੇ ਬੱਚੇ ਦੇ ਲਿੰਗ ਨੂੰ ਪ੍ਰਭਾਵਿਤ ਕਰਨ ਲਈ ਗਰਭ ਦੌਰਾਨ ਅਪਣਾਏ ਜਾ ਸਕਣ ਵਾਲੀਆਂ ਤਕਨੀਕਾਂ ਵੀ ਵਰਤ ਲੈਂਦੇ ਹਨ। ਫਿਰ ਵੀ ਇਹ ਸਮਝਿਆ ਜਾਣਾ ਚਾਹੀਦਾ ਹੈ ਕਿ ਲਿੰਗ ਨਿਰਧਾਰਨ ਇਸ ਤਕਨੀਕ ਦਾ ਦੁਰਉਪਯੋਗ ਹੀ ਹੈ, ਕਿਉਕਿ ਇਸ ਦੀ ਯੋਗ ਵਰਤੋਂ ਤਾਂ ਸਰੀਰਕ ਅਤੇ ਮਾਨਸਿਕ ਦਿੱਕਤ ਵਾਲੇ ਭਰੂਣ ਨੂੰ ਹਟਾਉਣ ਤੱਕ ਹੀ ਸੀਮਤ ਸੀ।

ਮਾਦਾ ਭਰੂਣ ਹੱਤਿਆ ਕੀ ਹੈ?

ਮਾਦਾ ਭਰੂਣ ਹੱਤਿਆ ਮਾਪਿਆਂ ਵੱਲੋ ਮੈਡੀਕਲ ਟੈਸਟਾਂ ਮਗਰੋਂ ਬੱਚੇ ਦਾ ਲਿੰਗ ਨਿਰਧਾਰਿਤ ਕਰਨ ਮਗਰੋਂ ਮਾਦਾ ਭਰੂਣ ਨੂੰ ਚੁਣ ਕੇ ਗਰਭ ਵਿੱਚ ਹੀ ਮਾਰਨਾ ਹੈ। ਇਹ ਆਮ ਕਰਕੇ ਪਤੀ ਸਹੁਰੇ ਇੱਥੋ ਤੱਕ ਕਿ ਮਾਂ ਦੇ ਮਾਪਿਆਂ ਦੀ ਤਰਫੋਂ ਪੈਣ ਵਾਲੇ ਪਰਿਵਾਰਕ ਦਬਾਵ ਕਾਰਨ ਹੁੰਦਾ ਹੈ। ਗੈਰ ਨਿਯੋਜਿਤ ਗਰਭ ਵੀ ਬੱਚਾ ਗਿਰਾਉਣ (abortion) ਦਾ ਕਾਰਨ ਹੈ। ਫਿਰ ਵੀ ਮਾਦਾ ਭਰੂਣ ਹੱਤਿਆ ਅਣਚਾਹੇ ਬੱਚੇ ਨੂੰ ਗਰਭ ਵਿੱਚ ਹੀ ਮਾਰਨ ਦੀ ਪੁਰਾਣੀ ਪ੍ਰਥਾ ਤੋਂ ਕਿਤੇ ਘਿਨਾਉਣਾ ਅਪਰਾਧ ਹੈ।

ਵਿਸ਼ਵ ਦੇ ਕਈ ਸਮਾਜਾਂ ਵਾਂਗ ਭਾਰਤੀ ਸਮਾਜ ਵੀ ਪਿਤਾ ਪ੍ਰਧਾਨ (patriarch) ਹੈ। ਸਮਾਜਿਕ ਕ੍ਰਮ ਦੇ ਸਾਰੇ ਪੱਧਰਾਂ ਉੱਪਰ ਹੀ ਇੱਕ ਨਿਸ਼ਚਿਤ ਪ੍ਰਣਾਲੀ (hierarchical) ਪ੍ਰਬੰਧ ਚਲਦਾ ਹੈ। ਪੁਰਸ਼ ਲਿੰਗ ਪ੍ਰਤੀ ਬਹੁਤਾ ਲਗਾਵ ਵੀ ਇੱਕ ਹੈ। ਪੁਰਾਣੀਆਂ ਲਿਖਤਾਂ ਦੇ ਸਮੇਂ ਤੋਂ ਹੀ ਅਸੀ ਵੇਖਦੇ ਹਾਂ ਕਿ ਪੁਰਸ਼ ਦੀ ਮਹਿਮਾਂ ਦਾ ਚਮਕਦਾਰ ਵਿਖਿਆਨ ਮਿਲਦਾ ਹੈ। ਇਕ ਕੁੜੀ ਨੂੰ ਬਹੁਤ ਵਾਰ ਗਰਭਧਾਰਨ ਅਤੇ ਗਰਭ ਪਾਤ ਕਰਾਉਣਾ ਪੈਂਦਾ ਹੈ ਜਦ ਤੱਕ ਕਿ ਉਹ ਪੁਰਸ਼ ਪੈਦਾ ਕਰਨ ਵਾਲੀ ਜਣੇਪਾ ਮਸ਼ੀਨ ਹੋਣ ਦਾ ਆਪਣਾ ਜੀਵਨ ਉਦੇਸ਼ ਪੂਰਾ ਨਹੀਂ ਕਰ ਲੈਂਦੀ।

ਦੁੱਖ ਦੀ ਗੱਲ ਹੈ ਕਿ ਮਾਦਾ ਭਰੂਣ ਹੱਤਿਆ ਵਿੱਚ ਉਤਸ਼ਾਹੀ ਬਿਰਧ ਅਤੇ ਨੌਜਵਾਨ ਔਰਤਾਂ ਵੀ ਹਿੱਸੇਦਾਰ ਹੁੰਦੀਆਂ ਹਨ। ਬਲਦੀ ਤੇ ਤੇਲ ਤਾਂ ਇਹ ਹੈ ਕਿ ਲਿੰਗ ਨਿਰਧਾਰਨ ਅਤੇ ਮਾਦਾ ਭਰੂਣਾ ਦੇ ਚੋਣਵੇ਼ ਗਰਭਪਾਤ ਦਾ ਕੰਮ ਕੋਈ 224 ਮਿਲੀਅਨ ਡਾਲਰ ਉਦਯੋਗ ਬਣ ਚੁੱਕਿਆ ਹੈ ਜਿਸ ਦੇ ਭੱਵਿਖ ਵਿਚ ਹੋਰ ਵਧਣ ਦੇ ਅੰਦੇਸ਼ ਹਨ।

ਇਸ ਕੰਮ ਵਰਗਾ ਹਰ ਅਨੈਤਿਕ ਕਾਰਜ ਪਿੱਛੇ ਕੋਈ ਲੰਗੜਾ ਪੁਰਾਣਾ ਤਰਕ ਹੁੰਦਾ ਹੈ ਜਿਸਦੀ ਵਰਤੋਂ ਇਸ ਦੇ ਕੱਟੜ ਸਮਰਥਕਾ ਦੁਆਰਾ ਇਸ ਦੇ ਹੱਕ ਵਿੱਚ ਕੀਤੀ ਜਾਂਦੀ ਹੈ। ਮਾਦਾ ਭਰੂਣ ਹੱਤਿਆ ਦਾ ਮੂਲ ਕਾਰਨ ਉਸ ਦੇਸ਼ ਦੇ ਸੱਭਿਆਚਾਰਕ ਨੇਮਾਂ ਅਤੇ ਸਮਾਜਿਕ ਆਰਥਿਕ ਨੀਤੀਆ ਵਿੱਚ ਪਿਆ ਹੁੰਦਾ ਹੈ। ਸਭ ਤੋ਼ ਪੀੜਤ ਦੇਸ਼ ਦੱਖਣੀ ਏਸ਼ੀਆਈ ਦੇਸ਼ ਜਿਵੇਂ ਚੀਨ, ਭਾਰਤ ਵਿਅਤਨਾਂਮ ਅਤੇ ਕੋਰੀਆ ਆਦਿ ਹਨ, ਜਿਥੋ਼ ਇਹ ਸਮਾਜਿਕ ਪੈਦਾ ਹੋਇਆ ਅਤੇ ਅਮਰੀਕਾ ਕਨੇਡਾ ਵਰਗੇ ਪੱਛਮੀ ਦੇਸ਼ਾ ਵਿੱਚ ਵੀ ਫੈਲ ਗਿਆ। ਇਹ ਪਰਵਾਸ ਦਾ ਸਿੱਟਾ ਹੈ ਜੋ ਮਾਦਾ ਭਰੂਣ ਹੱਤਿਆ ਨੂੰ ਸਾਰੇ ਪਾਸੇ ਲੈ ਗਿਆ। ਤਰਕ, ਕੋਈ ਇਤਨੇ ਭਿੰਨ ਨਹੀ਼ ਹਨ ਜਿਵੇਂ ਕਿ ਕੋਈ ਸਮਝ ਸਕਦਾ ਹੈ।

1) **ਮੁੰਡੇ ਨੂੰ ਪਹਿਲ :** ਕੁੜੀ ਨੂੰ ਪਰਿਵਾਰਕ ਪੇੜ (family tree) ਵਿੱਚੋਂ ਉਸ ਦੇ ਜਨਮ ਤੋਂ ਵੀ ਪਹਿਲਾਂ ਹਟਾ ਦੇਣ ਤੋਂ ਲੜਕੇ ਦੀ ਤੀਬਰ ਇੱਛਾ ਦਾ ਪਤਾ ਚਲਦਾ ਹੈ। ਮਾਦਾ ਭਰੂਣ ਹੱਤਿਆ ਦੀ ਪ੍ਰਥਾ ਜਿੱਥੇ ਬੇਕਾਬੂ ਹੋ ਚੁੱਕੀ ਹੈ ਉਥੇ ਮੁੰਡੇ ਦੇ ਜਨਮ ਨਾਲ ਵੰਸ਼ ਅੱਗੇ ਚਲਾਉਣ ਦਾ ਕਾਰਕ ਵੀ ਹੈ। ਪੁਤਰਾਂ ਨੂੰ ਆਮਦਨ ਦੇ ਪ੍ਰਮੁੱਖ ਸੋਮੇ ਸਮਝਿਆ ਜਾਂਦਾ ਹੈ। ਭਾਵੇਂ ਕਿ ਔਰਤਾਂ ਵੀ ਹਰ ਖੇਤਰ ਵਿੱਚ ਮੋਢੇ ਨਾਲ ਮੋਢਾ ਡਾਹ ਕੇ ਕੰਮ ਕਰਦੀਆਂ ਹਨ ਪਰ ਫਿਰ ਵੀ ਇਹ ਗਲਤ ਧਾਰਨਾ ਕਿ ਪੁਰਸ਼ ਹੀ ਘਰ ਚਲਾਉਂਦਾ ਹੈ ਅਤੇ ਮਾਪਿਆਂ ਦੀ ਸੰਭਾਲ ਕਰਦਾ ਹੈ ਵੀ ਚਲ ਰਹੀ ਹੈ। ਇਕ ਵਾਰ ਵਿਆਹੇ ਜਾਣ ਮਗਰੋਂ ਔਰਤਾਂ ਤਾਂ ਇਕ ਵੱਡਾ ਪਾਰਸਲ ਬਣ ਜਾਂਦੀ ਹੈ ਜਿਸ ਨੂੰ ਦੂਸਰੇ ਘਰ ਪਹੁੰਚਾਉਣਾ ਹੁੰਦਾ ਹੈ ਅਤੇ ਮਾ ਬਾਪ ਉਸਨੂੰ ਉਥੇ ਸੈਟ ਕਰਕੇ ਸੁੱਖ ਦਾ ਸਾਹ ਲੈਂਦੇ ਹਨ।

2) **ਦਾਜ ਪ੍ਰਥਾ :** ਭਾਰਤ ਦੀ ਸਦੀਆਂ ਪੁਰਾਣੀ ਦਾਜ ਪ੍ਰਥਾ ਵੀ ਧੀਆਂ ਵਾਲੇ ਮਾਪਿਆਂ ਦੀਆਂ ਉਮੀਦਾਂ ਨੂੰ ਮੱਠਾ ਕਰ ਦਿੰਦਾ ਹੈ। ਉਸ ਦੇ ਜਨਮ ਤੋਂ ਹੀ ਵਿਆਹ ਦੇ ਖਰਚੇ ਨਾਲ ਸੰਬੰਧਿਤ ਗਣਿਤ ਲੱਗਣਾ ਸ਼ੁਰੂ ਹੋ ਜਾਂਦਾ ਹੈ ਜੋ ਕਿ ਅਜੇ ਦੋ ਦਹਾਕੇ ਦੂਰ ਹੁੰਦਾ ਹੈ। ਕੁਲ ਧਨ ਰਾਸ਼ੀ ਜੋ ਵੀਹ ਸਾਲਾਂ ਚ ਕੁੜੀ ਨੂੰ ਦੇਣੀ ਹੋਵੇਗੀ, ਰਾਕਟ ਵਾਂਗ ਵਧਦੀ ਮਹਿੰਗਾਈ ਇਹ ਸਭ ਕਹਿਰ ਗਿਣੇ ਜਾਂਦੇ ਹਨ ਜੋ ਵਾਪਰਨ ਦਾ ਇੰਤਜਾਰ ਕਰ ਰਹੇ ਹੁੰਦੇ ਹਨ। ਇਸ ਲਈ ਉਸ ਖਰਚੇ ਦੇ ਕੁਝ ਹਿੱਸੇ ਨਾਲ ਹੀ ਜੇ ਛੁਟਕਾਰਾ ਮਿਲ ਜਾਵੇ ਤਾ ਬਿਹਤਰ ਸਮਝਿਆ ਜਾਂਦਾ ਹੈ।

3) **ਔਰਤਾਂ ਦਾ ਮਾੜਾ ਦਰਜਾ :** ਹਾਲਾਂ ਕਿ ਮੈਂ ਕੋਈ ਕਟੜ ਇਸਤਰੀਵਾਦੀ ਨਹੀਂ ਹਾਂ ਜੋ ਸਮਾਜ ਵਿੱਚ ਮਰਦਾਂ ਦੇ ਦਬਦਬੇ ਬਾਰੇ ਹੀ ਗੱਲ ਕਰਾਂ। ਬਿਲਕੁਲ ਪੁਰਸ਼ ਦੇਸ਼ ਵਿੱਚ ਵਿਵਸਥਾ ਲਈ ਜ਼ਰੂਰੀ ਹਨ ਪਰ ਇਸ ਦਾ ਮਤਲਬ ਔਰਤਾਂ ਨੂੰ ਹੱਕਾਂ ਤੋਂ ਵਿਹੂਣਾ ਕਰਨਾ ਤਾਂ ਨਹੀਂ। ਵਿਰਲਾਪ ਕਰਨ ਦੀ ਥਾਂ ਔਰਤਾਂ ਨੂੰ ਖੋਹੇ ਹੱਕ ਹਾਸਲ ਕਰਨ ਲਈ ਖੜ੍ਹੇ ਹੋ ਜਾਣਾ ਚਾਹੀਦਾ ਹੈ ਅਤੇ ਆਪਣੇ ਹੱਕ ਹਾਸਲ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਫਿਰ ਵੀ ਇਹ ਖਿਆਲੀ ਦ੍ਰਿਸ਼ (atopian scenario) ਇਨ੍ਹੀ ਅਸਾਨੀ ਨਾਲ ਹਕੀਕਤ ਵਿੱਚ ਹਾਸਲ ਹੋਣਾ

ਵਾਲਾ ਨਹੀਂ ਹੈ। ਸਦੀਆਂ ਦੇ ਦਬਾਵਾਂ ਕਾਰਨ ਆਪਣੇ ਆਪ ਨੂੰ ਘੱਟ ਸਮਝਣਾ ਔਰਤਾਂ ਦੀ ਪ੍ਰਕਿਰਤੀ ਵਿੱਚ ਸ਼ਾਮਲ ਹੋ ਚੁੱਕਿਆ ਹੈ। ਉਹ ਆਪਣੇ ਆਪ ਹੀ ਪਤੀ ਦੇ ਹੰਟਰ ਸਾਹਮਣੇ ਨਿਰੰਤਰ ਕੰਮ ਕਰਨ ਵਾਲੀ, ਦੱਬੂ, ਘਰੇਲੂ ਪਤਨੀ ਦੀ ਭੂਮਿਕਾ ਸਵੀਕਾਰ ਕਰ ਲੈਂਦੀਆਂ ਹਨ।ਔਰਤ ਹੀ ਔਰਤ ਦੀ ਸਭ ਤੋ ਬੁਰੀ ਦੁਸ਼ਮਣ ਹੈ ਮਾਦਾ ਭਰੂਣ ਹੱਤਿਆ ਮਾਂ ਦੀ ਸਪਸ਼ਟ ਇੱਛਾ ਨਾਲ ਹੀ ਹੁੰਦਾ ਹੈ। ਕੁਝ ਇਸ ਨੂੰ ਪਰਿਵਾਰ ਪ੍ਰਤੀ ਜਿੰਮੇਵਾਰੀ ਕਰਕੇ ਇਸ ਬੁਰੇ ਕੰਮ ਲਈ ਸਹਿਮਤ ਹੋ ਜਾਂਦੀਆਂ ਹਨ ਜਦ ਕਿ ਕੁਝ ਆਪ ਪਹਿਲ ਕਰਦੀਆਂ ਹਨ।

4) **ਝੂਠੀ ਡਾਕਟਰੀ ਨੈਤਿਕਤਾ :** ਗਰਭਪਾਤ ਦੇ ਕਾਨੂੰਨੀ ਬਣ ਜਾਣ ਕਾਰਨ ਭਾਰਤ ਵਿੱਚ ਗੈਰ ਕਨੂੰਨੀ ਲਿੰਗ ਨਿਰਧਾਰਨ ਅਤੇ ਗਰਭਪਾਤ ਰੋਜਾਨਾ ਦੀ ਗੱਲ ਬਣ ਗਈ ਹੈ। ਮੈਡੀਕਲ ਖੇਤਰ ਦੇ ਮਾਹਰ ਮਾਪਿਆਂ ਦੀ ਇੱਕ ਤੰਦਰੁਸਤ ਲੜਕੇ ਦੀ ਖਾਹਸ਼ ਪੂਰੀ ਕਰਨ ਲਈ ਬੇਹੱਦ ਉਤਾਵਲੇ ਅਤੇ ਪ੍ਰਸੰਨ ਹਨ। ਮਾਦਾ ਭਰੂਣ ਹੱਤਿਆ ਦੀ ਡਾਕਟਰੀ ਬਿਰਾਦਰੀ ਵਿੱਚ ਖੁਲ੍ਹੀ ਚਰਚਾ ਹੁੰਦੀ ਹੈ ਅਤੇ ਇੱਥੋ ਤਕ ਕਿ ਕੁਝ ਕਲੀਨਿਕਾਂ ਦੇ ਬਾਹਰ ਵੀ ਲਿਖਿਆ ਮਿਲਦਾ ਹੈ ਕਿ ਭਵਿਖ ਦਾ 5,00,000 ($10000) ਬਚਾਉਣ ਲਈ ਅਜ 500 ($10) ਖਰਚ ਕਰੋ, ਛੋਟੀ ਰਾਸ਼ੀ ਭਰੂਣ ਗਿਰਾਉਣੀ ਦੀ ਹੈ ਅਤੇ ਵੱਡੀ ਰਾਸ਼ੀ ਕੁੜੀ ਦੇ ਦਾਜ ਉਪਰ ਖਰਚ ਹੋਣ ਵਾਲੀ ਰਾਸ਼ੀ ਹੈ। ਜੋ ਕਿ ਹੁਣ ਤਾਂ ਕਾਫੀ ਵੱਧ ਗਈ ਹੈ।

5) **ਉਦਯੋਗਿਕ ਵਿਕਾਸ : ਸਿ**ਹਤ ਖੇਤਰ ਦੇ ਉਦਯੋਗੀਕਰਨ ਨੇ ਵੀ ਚੋਣਵੇਂ ਲਿੰਗ ਗਰਭਪਾਤ ਨੂੰ ਵਧਾਇਆ ਹੈ। ਅਲਟਰਾਸਾਊਂਡ, ਅਮਨੀਓ ਸਿੰਨਟਿਸਿਸ (amopcamtesos) ਅਤੇ (VC) ਦੇ ਵਿਕਾਸ ਨੇ ਲਿੰਗ ਨਿਰਧਾਰਨ ਅਤੇ ਫਿਰ ਗਰਭਪਾਤ ਨੂੰ ਪਹਿਲਾਂ ਨਾਲੋਂ ਕਾਫੀ ਸਰਲ ਬਣਾਇਆ ਹੈ। ਇਸ ਤੋਂ ਪਤਾ ਚਲਦਾ ਹੈ ਕਿ ਕਿਵੇਂ ਇਹ ਨਾ ਉਚ ਤਕਨੀਕੀ ਮਸ਼ੀਨਾਂ ਦੇ ਨਿਰਮਾਤਾ ਇਹ ਟੈਸਟ ਕਰਦੇ ਹਨ। ਭਵਿੱਖੀ ਮਾਪਿਆਂ ਅਤੇ ਅਣਜੰਮੇ ਬੱਚੇ ਦੇ ਵੱਖਾਂ ਤੋਂ ਫਾਇਦਾ ਉਠਾਉਂਦੇ ਹਨ। ਕਈ ਹਸਪਤਾਲ ਇਹ ਨਾ ਕੰਪਨੀਆਂ ਨਾਲ ਲੰਮੇ ਸਮੇਂ ਦੇ ਕੰਟਰੈਕਟ ਕਰਦੇ ਹਨ। ਬਹੁਤੀ ਵਾਰ ਇਹ ਮੌਤ ਦੀ ਸਜਾ ਸੁਨਾਉਣ ਵਿਚਲੇ ਮੁਨਾਫੇ ਦਾ ਵੱਡਾ ਹਿੱਸਾ ਦੋਹਾਂ ਵਲੋਂ ਵੰਡ ਲਿਆ ਜਾਂਦਾ ਹੈ।

ਅਮੀਸੇਓ ਸਿੰਨੇਟਿਸਿਮ ਅਤੇ CVC ਦੇ ਮੁਕਾਬਲੇ ਅਲਟਰਾਸਾਉਂਡ ਸਸਤੀ ਤਕਨੀਕ ਹੈ ਅਤੇ ਨੀਵੀਂ ਆਰਥਿਕਤਾ ਵਾਲੇ ਪਛੜੇ ਤਬਕੇ ਦੀ ਪਹੁੰਚ ਵਿਚ ਅਸਾਨੀ ਨਾਲ ਆ ਜਾਂਦਾ ਹੈ। ਇਹ ਮੱਧ ਵਰਗੀ ਰਿਹਾਇਸ਼ਾਂ ਵਿਚ ਬਣੇ ਹਸਪਤਾਲਾਂ ਦੀ ਵੀ ਪਹੁੰਚ ਆ ਜਾਂਦਾ ਹੈ।

ਬਦਕਿਸਮਤੀ ਨੂੰ ਅਲਟਰਾਉਂਡ ਦੇ ਨਤੀਜਿਆਂ ਨੂੰ ਤਦ ਤਕ 100 ਫੀਸਦੀ ਨਹੀਂ ਮੰਨਿਆ ਜਾ ਸਕਦਾ ਜਦ ਤਕ ਕਿ ਗਰਭ ਵੀਹ ਹਫਤੇ ਦਾ ਨਾ ਹੋ ਜਾਵੇ। ਨਤੀਜੇ ਵਜੋਂ ਕਈ ਵਾਰ ਇਹਨਾਂ ਉਤਸ਼ਾਹੀ ਮਾਪਿਆਂ ਵਲੋਂ ਗਿਰਾਇਆ ਬੱਚਾ ਨੰਨਾ ਰਾਜ ਕੁਮਾਰ ਵੀ ਹੋ ਸਕਦਾ ਹੈ ਜਿਸ ਦੀ ਉਹ ਆਸ ਲਾਈ ਬੈਠੇ ਸਨ।

### 2.3.4.2 ਦੂਰਦਰਸ਼ੀ ਸਿੱਟੇ

ਜਿਵੇਂ ਕਿ ਨਿਊਟਨ ਦੇ ਤੀਸਰਾ ਗਤੀ ਨਿਯਮ ਕਹਿੰਦਾ ਹੈ ਹਰ ਕਿਰਿਆ ਲਈ ਬਰਬਾਰ ਅਤੇ ਵਿਰੋਧੀ ਪ੍ਰਤੀਕਿਰਿਆ ਹੁੰਦੀ ਹੈ। ਨਸਲ ਕੁਸ਼ੀ ਦੇ ਪੈਣ ਵਾਲੇ ਪ੍ਰਭਾਵ ਮਾਰੂ ਅਤੇ ਦੂਰਦਰਸ਼ੀ ਹਨ। ਮਾਪਿਆਂ ਮਗਰੋਂ ਘਰ ਚਲਾਉਣ ਵਾਲੇ ਦੀ ਜ਼ਰੂਰਤ ਵਿਚ ਅੰਨੀ ਹੋਈ ਮਾਦਾ ਭਰੂਣ ਹੱਤਿਆ ਕਰਨ ਵਾਲੀ ਅਣਤੋਲ ਹੀ ਆਉਣ ਵਾਲੀ ਤਬਾਹੀ ਦਾ ਗਿਆਨ ਨਹੀਂ ਹੈ।

ਵਿਗੜਿਆ ਲਿੰਗ ਅਨੁਪਾਤ

ਹਰ ਬੀਤਦੇ ਸਾਲ ਨਾਲ ਭਾਰਤ ਵਿਚ 1000 ਪੁਰਸਾਂ ਪਿੱਛੇ ਔਰਤਾਂ ਦਾ ਲਿੰਗ ਅਨੁਪਾਤ (sex ratio) ਗਿਰਦੀ ਜਾ ਰਹੀ ਹੈ। 962 ਅਤੇ 945 ਪ੍ਰਤੀ ਹਜਾਰ ਮੁੰਡਿਆਂ ਪਿੱਛੇ ਕ੍ਰਮਵਾਰ 1981 ਅਤੇ 1991 ਵਿਚ ਸਨ

ਜਦ ਕਿ 2001 ਵਿਚ ਇਹ 1000 ਮੁੰਡਿਆਂ ਮਗਰ ਸਭ ਤੋਂ ਘੱਟ 927 ਰਹਿ ਗਈ। ਕੀ ਕੁੜੀਆਂ ਦੀ ਸੰਖਿਆ ਦੇ ਵਿਚ ਵਿਗਾੜ ਵਾਕਈ ਚਿੰਤਾ ਦਾ ਵਿਸ਼ਾ ਹੈ?

ਹਾਂ, ਬਿਲਕੁਲ। ਲਿੰਗ ਅਨੁਪਾਤ ਤਾਂ ਔਰਤਾਂ ਅਤੇ ਮਰਦਾਂ ਦੀ ਗਿਣਤੀ ਦਾ ਛੋਟਾ ਜਿਹਾ ਚਿੱਤਰ ਹੈ। ਹਾਲਾਂ ਕਿ ਜੇ ਸਾਰੀ ਜਨਸੰਖਿਆ ਵਿਚੋਂ ਗਿਣਤੀ ਕੀਤੀ ਜਾਵੇ ਤਾਂ ਵਿਗਾੜ ਜ਼ਿਆਦਾ ਹੈ। ਇਹ ਵਿਗਾੜ ਦੇਸ਼ ਦੇ ਰਾਜਨੀਤਿਕ, ਆਰਥਿਕ ਅਤੇ ਭਾਵੁਕ ਖੇਤਰਾਂ ਵਿਚਲੇ ਵਿਕਾਸ ਗੰਭੀਰ ਸਾਬਤ ਹੋ ਸਕਦਾ ਹੈ। ਹੇਠਾਂ ਕੁਝ ਮੁਲਕਾਂ ਦਾ ਲਿੰਗ ਅਨੁਪਾਤ ਦਿਤਾ ਜਾ ਰਿਹਾ ਹੈ:

ਭਾਰਤ 940/1000

ਵਿਅਤਨਾਮ: 892/1000

ਦੱਖਣੀ ਕੋਰੀਆ (ਜਨਮ ਸਮੇਂ ਲਿੰਗ ਅਨੁਪਾਰ) : 934/1000

ਅਮਰੀਕਾ: 962/1000

ਕਨੇਡਾ: 943/1000

ਇੰਗਲੈਂਡ: 952/1000

ਸ੍ਰੀਲੰਕਾ: 961/1000

**ਔਰਤਾਂ ਦੀ ਤਸਕਰੀ:**

ਕੁੜੀਆਂ ਦੀ ਘੱਟ ਗਿਣਤੀ ਵਿਆਹਣ ਯੋਗ ਪੁਰਸ਼ਾਂ ਲਈ ਕੁੜੀਆਂ (ਪਤਨੀਆਂ) ਦੀ ਪ੍ਰਾਪਤੀ ਮੁਸ਼ਕਿਲ ਕਰ ਦਿੰਦੀ ਹੈ। ਇਸ ਦੇ ਹੱਲ ਲਈ ਔਰਤਾਂ ਦੀ ਗੈਰ ਕਾਨੂੰਨੀ ਤਸਕਰੀ ਕਈ ਖੇਤਰਾਂ ਵਿਚ ਸਧਾਰਨ ਹੱਲ ਬਣ ਗਿਆ ਹੈ। ਔਰਤਾਂ, ਆਮ ਕਰਕੇ ਉਹ ਕੁੜੀਆਂ ਨੂੰ ਜਿਨ੍ਹਾਂ ਨੇ ਸਿਰਫ ਪਿਊਬਿਰਟੀ ਦੀ ਉਮਰ ਪਾਰ ਕੀਤੀ ਹੁੰਦੀ ਹੈ, ਮਜ਼ਬੂਰ ਕੀਤਾ ਜਾਂਦਾ ਹੈ ਕਿ ਉਹ ਹੁਣ ਲਾੜੇ ਵਲੋਂ ਨਿਸ਼ਚਿਤ ਕੀਤੀ ਕੀਮਤ ਤੇ ਉਸ ਨਾਲ ਵਿਆਹ ਕਰ ਲੈਣ। ਉਹਨਾਂ ਨੂੰ ਆਮ ਕਰਕੇ ਉਹਨਾਂ ਗਵਾਂਢੀ ਖੇਤਰਾਂ ਵਿਚੋਂ ਖਰੀਦ ਲਿਆ ਜਾਂਦਾ ਹੈ ਜਿਥੇ ਕਿ ਕੁੜੀਆਂ ਦੀ ਗਿਣਤੀ ਇਤਨੀ ਘੱਟ ਨਹੀਂ ਹੁੰਦੀ ਜਿਤਨੀ ਕਿ ਖਰੀਦਣ ਵਾਲੇ ਖੇਤਰ ਵਿਚ। ਬਾਲ ਵਿਆਹ ਇੱਕ ਆਕ੍ਰੋਸ਼ ਅਤੇ ਬਾਲ ਗਰਭਧਾਰਨ (ਕੁੜੀਆਂ ਦਾ ਛੋਟੀ ਉਮਰ ਵਿਚ ਗਰਭ ਧਾਰਨ ਕਰਨਾ) ਇਕ ਨੁਕਸਾਨਦਾਇਕ ਪਰਿਣਾਮ ਬਣ ਜਾਂਦਾ ਹੈ।

**ਬਲਾਤਕਾਰ ਅਤੇ ਹਮਲਿਆਂ ਵਿਚ ਵਾਧਾ**

ਜਦ ਔਰਤ ਇੱਕ ਖਤਰੇ ਵਿੱਚ ਪਈ ਪ੍ਰਜਾਤੀ ਬਣ ਜਾਂਦੀ ਹੈ ਤਾਂ ਬਲਾਤਕਾਰ, ਹਮਲੇ ਅਤੇ ਹਿੰਸਾ ਦਾ ਫੈਲਣਾ ਤਾਂ ਮਹਿਜ ਸਮੇਂ ਦੀ ਖੇਡ ਰਹਿ ਜਾਂਦੀ ਹੈ। ਜਦ ਗਿਣਤੀ ਘੱਟ ਜਾਵੇਗੀ ਤਾਂ ਰਹਿੰਦੀਆਂ ਨੂੰ ਅਜਿਹੇ ਸਮਾਜ ਨਾਲ ਨਜਿੱਠਣਾ ਪਵੇਗਾ ਜਿਥੇ ਸਿਰਫ ਪੁਰਸ਼ ਹਨ। ਕਾਨੂੰਨ ਪ੍ਰਬੰਧ ਸੁਰਖਿਆ ਦੇ ਸਕਦਾ ਹੈ ਪਰ ਜਿਵੇਂ ਕਿ ਅੱਜ ਦੀ ਸਥਿਤੀ ਹੈ ਬਹੁਤ ਕੇਸ ਅਲੱਗ ਪੈ ਜਾਣ ਅਤੇ ਬੇਇਜਤੀ ਦੇ ਡਰ ਤੋਂ ਸਾਹਮਣੇ ਵੀ ਨਹੀਂ ਆਉਂਦੇ।

**ਜਨਸੰਖਿਆ ਦਾ ਗਿਰਨਾ।**

ਬੱਚਾ (ਕੁੜੀ ਜਾਂ ਮੁੰਡਾ) ਧਾਰਨ ਕਰਨ ਲਈ ਮਾਂ ਜਾਂ ਕੁੱਖ ਦੀ ਅਣਹੋਂਦ ਵਿਚ, ਜਨਮ ਘਟ ਜਾਵੇਗਾ ਜਿਸ ਕਰਕੇ ਜਨਸੰਖਿਆ ਘੱਟ ਜਾਵੇਗੀ। ਭਾਵੇਂ ਚੀਨ ਅਤੇ ਭਾਰਤ ਵਰਗੇ ਕਈ ਦੇਸ਼ਾਂ ਦਾ ਉਦੇਸ਼ ਜਨਸੰਖਿਆ ਨਿਅੰਤਰਨ ਹੈ। ਇੱਕ ਲਿੰਗ ਦਾ ਪੂਰਨ ਖਾਤਮਾ ਇਸ ਉਦੇਸ਼ ਦੀ ਪ੍ਰਾਪਤੀ ਦਾ ਸਾਧਨ ਨਹੀਂ ਹੋ ਸਕਦਾ।

**2.3.4.3 ਰੋਕਥਾਮ ਅਤੇ ਇਲਾਜ**

ਮਾਦਾ ਬਾਲ ਹੱਤਿਆ (female infanticide), ਮਾਦਾ ਭਰੂਣ ਹੱਤਿਆ (feticide) ਅਤੇ ਚੋਣਵੇ ਲਿੰਗ ਗਰਭਪਾਤ (selective sex abortion) ਵਰਗੇ ਮੁੱਦਿਆਂ ਨੇ ਸੰਸਾਰ ਦਾ ਧਿਆਨ ਖਿੱਚਿਆ ਹੈ। ਕਈ

ਅੰਤਰਰਾਸ਼ਟਰੀ ਅਤੇ ਰਾਸ਼ਟਰੀ ਕਾਨੂੰਨ ਨਿਰਮਾਤਾ ਸੰਸਥਾਵਾਂ ਇਸ ਕਰੂਰ ਅਭਿਆਸ ਨੂੰ ਰੋਕਣ ਲਈ ਅੱਗੇ ਆਈਆਂ ਹਨ। ਇਸ ਮਸਲੇ ਨੂੰ ਰੋਕਣ ਲਈ ਚੁੱਕੇ ਕਈ ਕਦਮਾਂ ਵਿਚੋਂ, ਪ੍ਰਮੁੱਖ ਹਨ:

(ੳ) ਵਰਗੀਆਂ ਕੰਪਨੀਆਂ ਜੋ ਕਿ ਗੈਰ ਕਾਨੂੰਨੀ ਲਿੰਗ ਨਿਰਧਾਰਨ ਅਤੇ ਗਰਭਪਾਤ ਲਈ ਗੈਰਮਾਨਤਾ ਪ੍ਰਾਪਤ ਕਲੀਨਕਾਂ ਅਤੇ ਹਸਪਤਾਲਾਂ ਵਿਚ ਵਰਤੀਆਂ ਜਾਂਦੀਆਂ ਮਸ਼ੀਨਾਂ ਦੇ ਵਪਾਰ ਲਈ ਮਾਹਿਰ ਹਨ।

(ਅ) ਜਾਣਬੁਝ ਕੇ ਆਪਣੇ ਅਣਜਨਮੇ ਬੱਚੇ ਨੂੰ ਮਾਰਨ ਦੀ ਕੋਸ਼ਿਸ਼ ਕਰਨ ਵਾਲੇ ਮਾਪਿਆਂ ਖਿਲਾਫ ਭਾਰੀ ਜੁਰਮਾਨੇ ਅਤੇ ਕਾਨੂੰਨੀ ਕਾਰਵਾਈ

(ੲ) ਮਾਦਾ ਭਰੂਣ ਹੱਤਿਆ ਦੇ ਬੁਰੇ ਅਸਰਾਂ ਤੋਂ ਜਾਣੂੰ ਕਰਾਉਣ ਲਈ ਨਵੇਂ ਬਾਲਗਾਂ ਅਤੇ ਸੰਭਾਵੀ ਮਾਪਿਆਂ ਲਈ ਵੱਡੀ ਗਿਣਤੀ ਵਿਚ ਲਹਿਰ ਅਤੇ ਸੈਮੀਨਾਰ। ਅਗਿਆਨਤਾ ਚੋਣਵੇਂ ਗਰਭਪਾਤ ਦੇ ਕੇਸਾਂ ਦੀ ਤਦ ਗਿਣਤੀ ਦੇ ਵੱਧਣ ਦਾ ਪ੍ਰਮੁੱਖ ਕਾਰਨ ਹੈ। ਚੇਤਨਾ ਦੇ ਪ੍ਰਸਾਰ ਨਾਲ ਸਾਡੀਆਂ ਭਵਿੱਖੀ ਭੈਣਾਂ, ਮਾਵਾਂ ਸਹੇਲੀਆਂ ਅਤੇ ਪਤਨੀਆਂ ਨੂੰ ਬਚਾਉਣ ਵਿਚ ਕਾਰਗਰ ਹੋ ਸਕਦੇ ਹਨ।

ਹਰ ਕਿਸੇ ਵਲੋਂ ਇੱਕ ਸੰਗਠਿਤ ਅਤੇ ਭਰਭੂਰ ਯਤਨ ਇਸ ਦਿਸ਼ਾ ਵੱਲ ਛੋਟਾ ਜਿਹਾ ਕਦ ਸਾਬਿਤ ਹੋਵੇਗਾ। ਅਸੀਂ ਭਾਵੇਂ ਇਸ ਵਿਚਾਰ ਦੇ ਹਾਮੀ ਨਾ ਹੋਈਏ ਕਿ ਔਰਤਾਂ ਮਰਦਾਂ ਤੋਂ ਉੱਪਰ ਉੱਠ ਜਾਣ ਅਤੇ ਫਿਰ ਭਾਰੂ ਹੋ ਜਾਣ ਜਾਂ ਸੰਸਾਰ ਜਿੱਤ ਲੈਣ। ਫਿਰ ਵੀ ਇਕ ਮਾਸੂਮ ਬੱਚੇ ਨੂੰ ਜਿਉਂ ਲੈਣ ਦੇਣ ਅਤੇ ਦੁਨੀਆਂ ਵੇਖ ਲੈਣ ਦਾ ਬੁਨਿਆਦੀ ਇਨਸਾਨੀ ਵਿਚਾਰ, ਜਿਸ ਲਈ ਉਸ ਨੂੰ ਧਾਰਨ ਕੀਤਾ ਗਿਆ ਸੀ ਦੀ ਧਾਰਨਾ ਕੋਈ ਬਹੁਤੀ ਨਹੀਂ ਹੈ। ਆਉ ਅਸੀਂ ਆਪਦੇ ਲਹੂ ਮਾਸ ਦੇ ਕਾਤਲ ਨਾ ਬਣੀਏ।

### 2.3.5 ਬਾਲ ਹੱਤਿਆ

ਇੰਗਲੈਂਡ ਦੇ 1938 ਦੇ ਬਾਲ ਹੱਤਿਆ ਕਾਨੂੰਨ ਅਨੁਸਾਰ 12 ਮਹੀਨੇ ਤੋਂ ਘੱਟ ਉੱਤਰ ਦੇ ਬੱਚੇ ਨੂੰ ਸੋਚੀ ਸਮਝ ਕੇ ਮਾਰਨ ਨੂੰ ਬਾਲ ਹੱਤਿਆ ਕਿਹਾ ਜਾਂਦਾ ਹੈ। ਕੁਝ ਦੇਸ਼ਾਂ ਵਿਚ ਬਾਲੜੀ ਨੂੰ ਮਾਰਨਾ ਬਾਲ ਨੂੰ ਮਾਰਨ ਦੇ ਮੁਕਾਬਲੇ ਜ਼ਿਆਦਾ ਸਧਾਰਨ ਹੈ। ਬਾਲ ਹੱਤਿਆ ਭਾਰਤ ਵਿਚ ਗੈਰ ਕਾਨੂੰਨੀ ਹੈ ਪਰ ਇਹ ਕੰਮ ਪੇਂਡੂ ਖੇਤਰਾਂ ਵਿਚ ਜਾਰੀ ਹੈ। ਸੰਯੁਕਤ ਰਾਸ਼ਟਰ ਬਾਲ ਫੰਡ (United Nations Children's Fund-UNICEF) ਦੀ ।

#### 2.3.5.1 ਜਨਸੰਖਿਆ ਕੰਟਰੋਲ

ਮੈਰਿਨ ਹੈਰਿਸ (Marrin Harris) ਨੇ ਅਨੁਮਾਨ ਲਾਇਆ ਕਿ ਨਵਜਨਮੇ ਬੱਚਿਆਂ ਵਿਚੋਂ ਕੋਈ 23.50% ਬੱਚੇ ਮਾਰ ਦਿਤੇ ਗਏ ਤਾਂ ਕਿ 0.001% ਦੀ ਜਨਸੰਖਿਆ ਵਧਣ ਦਰ ਨੂੰ ਬਰਕਰਾਰ ਰੱਖਿਆ ਜਾ ਸਕੇ। ਮਾਦਾ ਬਾਲ ਹਤਿਆ ਜਾਂ ਬਾਲੜੀ ਬਾਲ ਹੱਤਿਆ ਜਨਸੰਖਿਆ ਕੰਟਰੋਲ ਦਾ ਇਕ ਰੂਪ ਹੋ ਸਕਦੀ ਹੈ। ਜਨਸੰਖਿਆ ਕੰਟਰੋਲ ਮਹਿਜ ਸੰਭਾਵੀ ਮਾਵਾਂ ਖਤਮ ਕਰਕੇ ਹੀ ਪ੍ਰਾਪਤ ਨਹੀਂ ਹੁੰਦਾ ਬਲਕਿ ਪੁਰਸਾਂ ਵਿਚ ਪਤਨੀਆਂ ਦੀ ਪ੍ਰਾਪਤੀ ਲਈ ਸੰਘਰਸ਼ ਵਧਾ ਕੇ ਵੀ ਹਾਸਲ ਕੀਤਾ ਜਾਂਦਾ ਹੈ।

#### 2.3.5.2 ਰਸਮ ਰਿਵਾਜ ਅਤੇ ਟੈਬੂ

ਇਹ ਮੰਨਿਆ ਜਾਂਦਾ ਹੈ ਕਿ ਰਸਮਾਂ ਅਤੇ ਟੈਬੂ ਕਬੀਲਾਈ ਖੇਤਰਾਂ ਵਿਚ ਜ਼ਿਆਦਾ ਹਨ। ਗਰੀਬੀ, ਦੰਡ, ਇਸਤਰੀ ਬਦਲਾ, ਤਨਾਵ, ਪਾਗਲਪਣ, ਬਲੀ ਆਦਿ ਕਾਰਨਾਂ ਕਰਕੇ ਬਾਲ ਹੱਤਿਆ ਹੁੰਦੀ ਸੀ।

#### 2.3.5.3 ਵਿਕਾਸਤਮਿਕ ਮਨੋਵਿਗਿਆਨ

ਵਿਕਾਸਾਤਮਿਕ ਮਨੋਵਿਗਿਆਨ ਅਨੁਸਾਰ ਬਾਲ ਹੱਤਿਆ ਦੇ ਕਈ ਰੂਪ ਹਨ। ਸੁਤੇਲੇ ਪਿਤਾ ਵਲੋਂ ਬੱਚਿਆਂ ਦੀ ਹੱਤਿਆ ਅਤੇ ਸੋਸ਼ਣ (abuse), ਸੁਤੇਲੀਆਂ ਮਾਵਾਂ ਵਲੋਂ ਪੁਰਸਾਂ ਦੇ ਮੁਕਾਬਲੇ ਵਧੇਰੇ ਹਿੰਸਾ, ਬਾਲ ਹੱਤਿਆ ਜੇਕਰ ਬੱਚੇ ਵਿਚ ਕੋਈ ਨੁਕਸ ਜਾਂ ਬਿਮਾਰੀ ਹੋਵੇ ਅਤੇ ਗਰੀਬੀ ਕਾਰਨ ਵਸੀਲਿਆਂ ਦੀ ਕਮੀ ਕਾਰਨ

ਜਿਥੇ ਹੋਰ ਬੱਚੇ ਵੀ ਸ੍ਰੋਤਾਂ ਦੀ ਮੰਗ ਕਰਦੇ ਹੋਣ ਜਾਂ ਕੋਈ ਹੋਰ ਸਹਾਰਾ ਨਾ ਹੋਵੇ ਬਾਲ ਹੱਤਿਆ ਦਾ ਕਾਰਨ ਬਣਦੇ ਹਨ।

### 2.3.5.4 ਲਿੰਗ ਚੋਣ

ਲਿੰਗ ਚੋਣ (Sex Selection) ਵੀ ਬਾਲ ਹੱਤਿਆ ਦਾ ਇਕ ਸਹਾਇਕ ਕਾਰਨ ਹੋ ਸਕਦਾ ਹੈ। ਲਿੰਗ ਚੋਣ ਤੋਂ ਭਾਵ ਹੈ ਕਿ ਕੋਈ ਸਮਾਜ, ਪਰਿਵਾਰ, ਕੁੜੀ ਜਾਂ ਮੁੰਡੇ ਵਿਚੋਂ ਕਿਸ ਨੂੰ ਜਿੰਦਾ ਰੱਖਣਾ ਚਾਹੁੰਦਾ ਹੈ। ਲਿੰਗ ਦੀ ਚੋਣ ਕਰਕੇ ਹੁੰਦੇ ਗਰਭਪਾਤ ਨੂੰ ਹਟਾ ਦੇਣ ਨਾਲ ਬਾਲ ਹੱਤਿਆ ਵੀ ਰੋਕੀ ਜਾ ਸਕਦੀ ਹੈ। ਕੁਦਰਤੀ ਤੌਰ ਤੇ ਇਨਸਾਨਾਂ ਲਈ ਸਧਾਰਨ ਲਿੰਗ ਅਨੁਪਾਤ 105 ਪੁਰਸਾਂ ਮਗਰ 100 ਔਰਤਾਂ ਦਾ ਹੈ ਜੋ ਕਿ ਮੁਸ਼ਕਲ ਨਾਲ ਹੀ 102-108 ਦੇ ਵਿਚਕਾਰਲੀ ਰੇਂਜ ਵਿਚ ਹੁੰਦਾ ਹੈ।

### 2.3.6 ਰੋਕਥਾਮ

ਬਾਲ ਹੱਤਿਆ ਆਮ ਕਰਕੇ ਅਣਚਾਹੇ ਜਨਮ ਦੀ ਪ੍ਰਤੀਕਿਰਿਆ ਵਜੋਂ ਹੁੰਦਾ ਹੈ। ਇਸ ਲਈ ਅਣਚਾਹੇ ਗਰਭ ਨੂੰ ਸੈਕਸ ਸਿੱਖਿਆ ਵਿੱਚ ਸੁਧਾਰ ਲਿਆ ਕੇ, ਗਰਭ ਨਿਰਥਕ ਤਰੀਕਿਆਂ ਦੁਆਰਾ ਰੋਕ ਕੇ ਵੀ ਬਾਲ ਹੱਤਿਆ ਦੇ ਰੋਕਥਾਮ ਲਈ ਇਕ ਸਾਧਨ ਦੇ ਤੌਰ ਤੇ ਵਕਾਲਤ ਕੀਤੀ ਜਾਂਦੀ ਹੈ। ਗਰਭ ਨਿਰੋਧਕਾਂ ਦੀ ਵਰਤੋਂ ਅਤੇ ਕਾਨੂੰਨੀ ਗਰਭਪਾਤ ਸਦਕਾ ਕਈ ਵਿਕਸਿਤ ਦੇਸ਼ਾਂ ਵਿਚ ਬਾਲ ਹੱਤਿਆ ਨੂੰ ਕੰਟਰੋਲ ਕੀਤਾ ਜਾ ਸਕਿਆ ਹੈ। ਬਾਲ ਹੱਤਿਆ ਘਟੇਗੀ ਜੇਕਰ ਸੁਰੱਖਿਅਤ ਅਤੇ ਕਾਨੂੰਨੀ ਗਰਭਪਾਤ ਮੌਜੂਦ ਹੋਣ।

ਮਾਨਸਿਕ ਰੋਗਾਂ ਜਾਂ ਖਤਰੇ ਵਾਲੇ ਕਾਰਨਾਂ ਦੀ ਜਾਂਚ ਕਰਨ ਅਤੇ ਸੰਭਾਵੀ ਰੋਗੀਆਂ ਦੀ ਮਦਦ ਕਰਕੇ ਬਾਲ ਹੱਤਿਆ ਘਟਾਈ ਜਾ ਸਕਦੀ ਹੈ। ਕੁਝ ਸਥਾਨਾਂ ਤੇ ਬੇਬੀ ਹੈਚ (Baby hatches) ਵੀ ਹਨ ਜਿਥੇ ਮਾਵਾਂ ਆਪਣੀ ਪਛਾਣ ਦੱਸੇ ਬਿਨਾਂ ਆਪਣੇ ਨਵਜੰਮੇ ਬੱਚੇ ਨੂੰ ਛੱਡ ਕੇ ਜਾ ਸਕਦੀਆਂ ਅਜਿਹੇ ਯਤਨਾਂ ਸਦਕਾ ਵੀ ਬਾਲ ਹੱਤਿਆ ਦਰ ਘਟਾਈ ਜਾਂਦੀ ਹੈ।

ਹੋਰ ਦੇਸ਼ ਜਿਵੇਂ ਅਮਰੀਕਾ ਵਿਚ ਸੇਫ ਹੈਵਨ ਕਾਨੂੰਨ (safe haven laws) ਮਾਵਾਂ ਨੂੰ ਇਜਾਜਤ ਦਿੰਦੇ ਹਨ ਕਿ ਉਹ ਆਪਣੇ ਨਵਜਾਤ ਬੱਚਿਆਂ ਨੂੰ ਅਗਿਆਤ ਰਹਿ ਕੇ ਹੀ ਨਿਰਧਾਰਿਤ ਅਫਸਰਾਂ ਦੇ ਸਪੁਰਦ ਕਰ ਸਕਣ ਆਮ ਕਰਕੇ ਅਜਿਹੇ ਬੱਚਿਆਂ ਨੂੰ ਅਨਾਥ ਆਸ਼ਰਮਾਂ ਵਿਚ ਸੰਭਾਲ ਖਾਤਰ ਅਤੇ ਗੋਦ ਲੈਣ ਲਈ ਰੱਖਿਆ ਜਾਂਦਾ ਹੈ। ਇਸ ਨਾਲ ਔਰਤਾਂ ਦੇ ਰੁਜਗਾਰ ਪ੍ਰਾਪਤੀ ਵਿਚ ਵਾਧਾ ਹੁੰਦਾ ਹੈ।

### 2.3.7 ਸੁਝਾਏ ਪ੍ਰਸ਼ਨ

1 ਜਲਦੀ ਵਿਆਹ ਤੋਂ ਤੁਹਾਡਾ ਕੀ ਅਰਥ ਹੈ? ਜਲਦੀ ਵਿਆਹ ਦੇ ਕਾਰਨ ਲਿਖੋ।

2 ਬਾਲ ਮਜ਼ਦੂਰੀ ਖਿਲਾਫ ਪ੍ਰਮੁੱਖ ਕੌਮੀ ਵਿਧਾਨਕ ਵਿਕਾਸ ਦੀ ਵਿਆਖਿਆ ਕਰੋ।

3 ਮਾਦਾ ਭਰੂਣ ਹੱਤਿਆ ਦੀ ਪਰਿਭਾਸ਼ਾ ਦਿਓ। ਰੋਕਥਾਮ ਅਤੇ ਹੱਲ ਲਈ ਕਦਮਾਂ ਬਾਰੇ ਚਰਚਾ ਕਰੋ।

4 ਬਾਲ ਹੱਤਿਆ ਰੋਕਣ ਦੇ ਢੰਗਾਂ ਬਾਰੇ ਚਰਚਾ ਕਰੋ।

### 2.3.8 ਸੁਝਾਈਆਂ ਪੁਸਤਕਾਂ :-

1. Who Gender and Genetics Available at ww.who.jnt/genomics/gender/erlindex4.html.
2. Sharma BR, Gupta Nand Rethar N. Misuse of prenatal diagonsitic technology in sex swelected abortions and its consequences in India. J Public, Health 2007; 121 (ii):854-860
3. Sharma BR. Social etiology of Voilence against women in India. Soc Sci J.2005; 42 (3):
4. Census Figures of 2011. office of the Registrar General and Cenus Commissioner, India.

**ਪਾਠ ਨੰ: 2.4**

## ਔਰਤਾ ਦੀ ਸਿੱਖਿਆ ਵਿੱਚ ਖੋਜ: ਖੇਤਰ, ਸਾਹਿਤ ਅਤੇ ਬਦਲ ਰਹੀਆਂ ਪ੍ਰਸਥਿਤੀਆਂ

2.4.1 ਉਦੇਸ਼
2.4.2 ਭੂਮਿਕਾ
2.4.3 ਵੈਦਿਕ ਕਾਲ ਤੋਂ ਆਧੁਨਿਕ ਕਾਲ ਤੱਕ ਇਸਤਰੀ ਸਿੱਖਿਆ
2.4.4 ਇਸਤਰੀ ਸਿੱਖਿਆ ਦੀ ਘੱਟ ਰਹੀ ਸਾਰਥਿਕਤਾ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ
2.4.5 ਸਵੈ ਮੁਲਾਂਕਣ
2.4.6 ਇਸਤਰੀ ਸਿੱਖਿਆ ਦੀਆਂ ਸਮੱਸਿਆਵਾਂ ਅਤੇ ਇਸ ਵਿੱਚ ਹੋਣ ਵਾਲੀ ਪ੍ਰਗਤੀ
2.4.7 ਵੱਖ-ਵੱਖ ਕਮਿਸ਼ਨਾਂ ਅਤੇ ਕਮੇਟੀਆਂ ਦੀਆਂ ਸਿਫਾਰਸ਼ਾਂ
2.4.8 ਔਰਤਾਂ ਲਈ ਬਦਲ ਰਹੀਆਂ ਪ੍ਰਸਥਿਤੀਆਂ
2.4.9 ਸਾਰ
2.4.10 ਸਵੈ ਮੁਲਾਂਕਣ
2.4.11 ਪ੍ਰਸ਼ਨ ਉੱਤਰ
2.4.12 ਸੁਝਾਈਆਂ ਪੁਸਤਕਾਂ

**2.4.1 ਉਦੇਸ਼ :**

ਇਸ ਪਾਠ ਨੂੰ ਪੜ੍ਹਨ ਉਪਰੰਤ ਵਿਦਿਆਰਥੀ ਯੋਗ ਹੋ ਜਾਣਗੇ ਕਿ :

1) ਔਰਤਾਂ ਦੀ ਵੱਖ-ਵੱਖ ਸਮੇਂ ਦੌਰਾਨ ਸਥਿਤੀ ਨੂੰ ਜਾਣ ਸਕਣ।
2) ਸਰਕਾਰ ਦੁਆਰਾ ਬਣਾਈਆਂ ਵੱਖ-ਵੱਖ ਨੀਤੀਆਂ ਬਾਰੇ ਸਮਝ ਸਕਣ।
3) ਔਰਤ ਸਿੱਖਿਆ ਦੀਆਂ ਚੁਣੌਤੀਆਂ ਬਾਰੇ ਗਿਆਨ ਹਾਸਲ ਕਰ ਸਕਣ।
4) ਔਰਤਾਂ ਦੀਆਂ ਬਦਲਦੀਆਂ ਪ੍ਰਸਥਿਤੀਆਂ ਬਾਰੇ ਸਮਝ ਸਕਣ।

**2.4.2 ਭੂਮਿਕਾ :** ਭਾਰਤੀ ਔਰਤ ਦੀ ਸਿੱਖਿਆ ਦਾ ਘੇਰਾ ਚਾਹੇ ਬੜਾ ਸੰਕੁਚਿਤ ਰਿਹਾ ਹੈ, ਪਰ ਨੈਤਿਕਤਾ ਤੇ ਸਰਧਾ ਦੇ ਜਿਸ ਆਦਰਸ਼ ਨੇ ਹਜ਼ਾਰਾਂ ਵਰ੍ਹੇ ਉਸ ਦਾ ਪਥ ਪ੍ਰਦਰਸ਼ਨ ਕੀਤਾ ਹੈ, ਉਹ ਕਿਸੇ ਪਖੋਂ ਵੀ ਮਾੜਾ ਨਹੀਂ ਰਿਹਾ। ਭਾਰਤੀ ਨਾਰੀ ਆਪਣੇ ਆਦਰਸ਼ ਦੀ ਪ੍ਰਾਪਤੀ ਵਿੱਚ ਹਮੇਸ਼ਾਂ ਹੀ ਸਫ਼ਲ ਹੋਈ ਹੈ। ਹੁਣ ਜਦੋਂ ਕਿ ਉਸ ਦੀ ਸਿੱਖਿਆ ਦਾ ਖੇਤਰ ਬਹੁਤ ਵਿਸ਼ਾਲ ਹੋ ਗਿਆ ਹੈ ਤੇ ਪੁਰਾਣੇ ਆਦਰਸ਼ ਉਸ ਦੇ ਸਾਮਣੇ ਹਨ, ਇਹ ਆਸ ਕਰਨੀ ਔਖੀ ਗਲ ਨਹੀਂ ਕਿ ਭਾਰਤੀ ਔਰਤ ਵਧੇਰੇ ਉੱਤਮਤਾ ਤੇ ਸ੍ਰੇਸ਼ਟਤਾ ਪ੍ਰਾਪਤ ਕਰੇਗੀ।

ਸਿੱਖਿਅਕ ਕਮਿਸ਼ਨ (1964-66) ਨੇ ਠੀਕ ਹੀ ਕਿਹਾ ਹੈ, "ਸਾਡੀ ਮਾਨਵ ਸ਼ਕਤੀ ਦਾ ਪੂਰਨ ਭਾਂਤ ਵਿਕਾਸ ਕਰਨ ਲਈ, ਸਾਡੇ ਘਰਾਂ ਦਾ ਸੁਧਾਰ ਕਰਨ ਲਈ ਤੇ ਸਾਡੇ ਬੱਚਿਆਂ ਦੀ ਛੋਟੀ ਉਮਰ ਵਿਚ, ਜਦੋਂ ਕਿ ਉਨ੍ਹਾਂ ਤੇ

ਭਰਵਾਂ ਪ੍ਰਭਾਵ ਪੈ ਸਕਦਾ ਹੈ, ਦੀ ਚਰਿੱਤਰ ਉਸਾਰੀ ਲਈ ਇਸਤਰੀ ਸਿੱਖਿਆ ਮਰਦਾਂ ਦੀ ਸਿੱਖਿਆ ਨਾਲੋਂ ਵੀ ਜ਼ਰੂਰੀ ਹੈ।" ਆਧੁਨਿਕ ਯੁੱਗ ਵਿੱਚ ਇਸਤਰੀ ਸਿੱਖਿਆ ਦਾ ਘਰ ਤੋਂ ਬਾਹਰ ਤੇ ਬੱਚਿਆਂ ਨੂੰ ਪਾਲਣ ਤੋਂ ਇਲਾਵਾ ਹੋਰ ਸਮੱਸਿਆਵਾਂ ਤੇ ਵੀ ਬਹੁਤ ਵਧੀਆ ਪ੍ਰਭਾਵ ਪੈਂਦਾ ਹੈ। ਹੁਣ ਉਹ ਆਪਣਾ ਕਿੱਤਾ ਆਪ ਚੁਣਦੀ ਹੈ ਤੇ ਮਰਦ ਨਾਲ ਬਰਾਬਰ ਦੀ ਜ਼ਿੰਮੇਵਾਰੀ ਨਿਭਾਉਂਦੀ ਹੈ ਤੇ ਹਰ ਪ੍ਰਕਾਰ ਨਾਲ ਸਮਾਜ ਦੇ ਵਿਕਾਸ ਵਿਚ ਬਰਾਬਰ ਦੀ ਭਾਈਵਾਲ ਬਣਦੀ ਹੈ। ਉਹ ਹੁਣ ਭੁੱਖਮਰੀ, ਗਰੀਬੀ, ਅਗਿਆਨਤਾ ਆਬਾਦੀ ਦੇ ਵਾਧੇ ਤੇ ਕਮਜ਼ੋਰ ਸਿਹਤ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਬਰਾਬਰ ਦੀ ਭਾਈਵਾਲ ਹੋਵੇਗੀ। ਹੁਣ ਇਹ ਵੀ ਭਲੀ ਭਾਂਤੀ ਮਹਿਸੂਸ ਕੀਤਾ ਜਾਣ ਲੱਗਾ ਹੈ ਕਿ ਦੁਨੀਆਂ ਵਿਚ ਇਸਤਰੀਆਂ ਦੀ ਜਨ ਸੰਖਿਆ, ਜ਼ੋ ਕਿ ਕੁਲ ਜਨ ਸੰਖਿਆ ਦਾ ਲਗਭਗ ਅੱਧਾ ਭਾਗ ਹੈ, ਜੇ ਠੀਕ ਭਾਂਤ ਵਿਕਸਤ ਕੀਤੀ ਜਾਵੇ ਤਾਂ ਆਰਥਿਕ ਵਿਕਾਸ ਵਿਚ ਬਹੁਤ ਸਹਾਈ ਹੋਵੇਗੀ।

ਰੇਖਾ ਦੇਵੀ ਰਾਜੂ ਨੇ 1988 ਵਿਚ ਇਕ ਖੋਜ਼ ਰਾਹੀਂ ਇਹ ਸਿੱਟੇ ਕੱਢੇ ਸੀ ਕਿ ਇਸਤਰੀਆਂ ਦੀ ਲਗਭਗ ਅੱਧੀ ਆਬਾਦੀ ਹੁੰਦੀ ਹੈ, ਪਰ ਉਹ ਹਰ ਪੱਖ ਤੋਂ ਮਰਦਾਂ ਤੋਂ ਪਿੱਛੋਂ ਹੀ ਰਹਿੰਦੀਆਂ ਹਨ। ਇਸ ਗੱਲ ਭਾਵੇਂ ਸਾਰੀ ਦੁਨੀਆਂ ਲਈ ਠੀਕ ਹੈ, ਪਰ ਇਹ ਵਿਕਸਤ ਦੇਸ਼ਾਂ ਨਾਲੋਂ ਵਿਕਾਸ ਕਰ ਰਹੇ ਦੇਸ਼ਾਂ ਵਿਚ ਵਧੇਰੇ ਪ੍ਰਤੱਖ ਹੈ। ਸਾਡੇ ਸਮਾਜ ਵਿਚ ਤਾਂ ਇਸਤਰੀਆਂ ਵਿਚ ਪਛੜੇ ਹੋਏ ਹੋਣ ਦਾ ਪ੍ਰਭਾਵ ਕਾਫ਼ੀ ਪਿੱਛਲੇ ਸਮੇਂ ਤੋਂ ਹੀ ਦੇਖਿਆ ਜਾ ਸਕਦਾ ਹੈ, ਪਰ ਹੁਣ ਤਾਂ ਇਹ ਪ੍ਰਤੱਖ ਰੂਪ ਵਿਚ ਹੀ ਨਜ਼ਰ ਆਉਂਦਾ ਹੈ। ਜਦੋਂ ਕਦੇ ਅਸੀਂ ਪਛੜੇ ਹੋਏ ਵਿਅਕਤੀਆਂ ਦੀ ਗੱਲ ਕਰਦੇ ਹਾਂ ਤਾਂ ਪੱਛੜੇ ਹੋਏ ਕਬੀਲਿਆਂ, ਪਛੜੀਆਂ ਹੋਈਆਂ ਸ਼੍ਰੇਣੀਆਂ ਦੇ ਨਾਲ ਹੀ ਇਸਤਰੀਆਂ ਨੂੰ ਵੀ ਗਿਣਦੇ ਹਾਂ।

### 2.4.3 ਵੈਦਿਕ ਕਾਲ ਤੋਂ ਆਧੁਨਿਕ ਕਾਲ ਤੱਕ ਇਸਤਰੀ ਸਿੱਖਿਆ

**(ੳ) ਵੈਦਿਕ ਕਾਲ ਵਿੱਚ ਇਸਤਰੀ ਸਿੱਖਿਆ:–** ਵੈਦਿਕ ਯੁੱਗ ਵਿਚ ਇਸਤ੍ਰੀਆਂ ਨੂੰ ਸਮਾਜ ਵਿਚ ਉੱਚਾ ਸਥਾਨ ਦਿੱਤਾ ਜਾਂਦਾ ਸੀ। ਉਨ੍ਹਾਂ ਦੀ ਸਾਰੇ ਮਾਮਲਿਆਂ ਵਿਚ ਸਲਾਹ ਲਈ ਜਾਂਦੀ ਸੀ। ਉਨ੍ਹਾਂ ਦਾ ਵੀ ਵਿਦਿਅਕ ਪ੍ਰਣਾਲੀ ਵਿਚ ਪੂਰਾ ਸਹਿਯੋਗ ਹੁੰਦਾ ਸੀ। ਉਨ੍ਹਾਂ ਨੂੰ ਪੂਰੀ ਆਜ਼ਾਦੀ ਹੁੰਦੀ ਸੀ ਤੇ ਸਭ ਉਨ੍ਹਾਂ ਦੀ ਇੱਜ਼ਤ ਕਰਦੇ ਸਨ। ਕਈ ਤਰ੍ਹਾਂ ਦੇ ਯੱਗ ਆਦਿ ਕੀਤੇ ਜਾਂਦੇ ਸੀ ਜਿਨ੍ਹਾਂ ਨੂੰ ਕਿ ਉਸ ਸਮੇਂ ਨਹੀਂ ਸੀ ਸਨਮਾਨਿਤ ਕੀਤਾ ਜਾਂਦਾ ਜਦੋਂ ਤੱਕ ਕਿ ਇਸਤਰੀ ਮਰਦ ਦੇ ਨਾਲ ਨਾ ਹੋਵੇ।

**(ਅ) ਮੱਧ ਕਾਲ ਵਿਚ ਇਸਤਰੀ ਸਿੱਖਿਆ:–** ਪਹਿਲਾਂ ਪਹਿਲਾਂ ਤਾਂ ਮਹਾਤਮਾ ਬੁੱਧ ਦਾ ਵਿਚਾਰ ਸੀ ਕਿ ਇਸਤਰੀ ਦਾ ਕੰਮ ਘਰ ਵਿਚ ਹੀ ਹੁੰਦਾ ਹੈ, ਇਸ ਲਈ ਉਸ ਨੂੰ ਸਿੱਖਿਆ ਪ੍ਰਦਾਨ ਕਰਨ ਦੀ ਲੋੜ ਨਹੀਂ ਸੀ ਤੇ ਉਨ੍ਹਾਂ ਨੂੰ ਸੰਘ ਵਿਚ ਦਾਖਲ ਨਹੀਂ ਸੀ ਕੀਤਾ ਜਾਂਦਾ। ਬਾਅਦ ਵਿਚ ਆਪਣੇ ਸ਼ਿਸ਼ੂ ਆਨੰਦ ਦੇ ਕਹਿਣ ਤੇ ਇਸਤਰੀਆਂ ਨੂੰ ਵੀ ਦਾਖਲਾ ਦੇ ਦਿੱਤਾ ਜਾਂਦਾ ਸੀ ਪਰ ਉਨ੍ਹਾਂ ਲਈ ਵੱਖਰੀਆਂ ਮੌਨਸਟਰੀਆਂ ਨਹੀਂ ਸੀ ਬਣਾਈਆਂ ਗਈਆਂ। ਆਮ ਕਰਕੇ ਇਸਤਰੀ ਸਿੱਖਿਆ ਨੂੰ ਉਤਸਾਹਤ ਨਹੀਂ ਸੀ ਕੀਤਾ ਜਾਂਦਾ। ਕੁਝ ਇਕ ਬਹੁਤ ਉੱਚੇ ਪਰਿਵਾਰਾਂ ਦੀਆਂ ਲੜਕੀਆਂ ਨੂੰ ਜੇਕਰ ਦਾਖਲਾ ਦੇ ਦਿੱਤਾ ਜਾਂਦਾ ਸੀ ਤਾਂ ਵੀ ਉਨ੍ਹਾਂ ਨੂੰ ਲੜਕਿਆਂ ਦੇ ਮੁਕਾਬਲੇ ਤੋਂ ਘੱਟ ਰੁਤਬਾ ਦਿੱਤਾ ਜਾਂਦਾ ਸੀ। ਕੁਝ ਇਕ ਮਹੱਤਵਪੂਰਨ ਇਸਤਰੀ ਸ਼ਿਸ਼ੂ ਰਹੀਆਂ ਹਨ। ਜਿਵੇਂ ਕਿ ਸੀਲਾ ਪ੍ਰਭੂਦੇਵੀ ਭੱਟੀ ਵੀ ਇਕ ਸੀ ਉਹ ਵੀ ਲੋਕਾਂ ਵਿਚ ਬੁੱਧਮਤ ਦਾ ਪ੍ਰਚਾਰ ਕਰਨ ਗਈ ਸੀ। ਕਈ ਹੋਰ ਇਸਤਰੀ ਵਿਦਿਆਰਥਨਾਂ ਨੇ ਲੰਬੇ ਸਮੇਂ ਲਈ ਬ੍ਰਹਮਚਾਰੀਆਂ ਨਿਭਾਇਆ ਸੀ, ਤੇ ਜੀਵਨ ਭਰ ਇਸ ਦੀ ਪਾਲਣਾ ਕੀਤੀ ਸੀ। ਕਈ ਇਸਤਰੀਆਂ ਜਿਨ੍ਹਾਂ ਨੇ ਉੱਚ ਸਿੱਖਿਆ ਪ੍ਰਾਪਤ ਕੀਤੀ ਹੋਈ ਹੁੰਦੀ ਸੀ ਪੜ੍ਹਾਉਣ ਦਾ ਕੰਮ ਵੀ ਕਰਦੀਆਂ ਹੁੰਦੀਆਂ ਸੀ ਅਤੇ ਉਨਾਂ ਨੂੰ ਉਪਾਧੀਆਂ ਦੀ ਪਦਵੀ ਪ੍ਰਦਾਨ ਕੀਤੀ ਜਾਂਦੀ ਸੀ।

**(ੲ) ਮੁਸਲਿਮ ਕਾਲ ਵਿੱਚ ਇਸਤਰੀ ਸਿੱਖਿਆ:-** ਇਸ ਸਮੇਂ ਇਸਤਰੀ ਸਿੱਖਿਆ ਕੇਵਲ ਉੱਚ ਪਰਿਵਾਰਾਂ ਤੱਕ ਹੀ ਸੀਮਿਤ ਸੀ। ਕਈ ਰਾਜਿਆਂ ਦੀਆਂ ਲੜਕੀਆਂ ਜਿਵੇਂ ਗੁਲਬਦਨ, ਜੈਬੂਨੀਸਾ, ਜਹਾਂਆਰਾ, ਸਲੀਮ ਸੁਲਤਾਨਾ, ਮੁਮਤਾਜ ਮਹਿਲ ਆਦਿ ਨੇ ਭਾਸ਼ਾ ਤੇ ਸਾਹਿਤ ਵਿਚ ਮਹਾਨ ਰੁਚੀ ਦਿਖਾਈ ਹੈ। ਉਨ੍ਹਾਂ ਦੀ ਰੁਚੀ ਹੁਨਰ, ਸੰਗੀਤ, ਨਾਚ ਤੇ ਡਰਾਮੇ ਵਿਚ ਸੀ। ਪਰਦੇ ਦਾ ਬਹੁਤ ਰਿਵਾਜ਼ ਸੀ।

**(ਸ) ਆਧੁਨਿਕ ਕਾਲ ਵਿਚ ਇਸਤਰੀ ਸਿੱਖਿਆ:-** ਆਧੁਨਿਕ ਕਾਲ ਵਿੱਚ ਔਰਤਾਂ ਦੀ ਸਿੱਖਿਆ ਦੇ ਹਰ ਪੱਖ ਤੇ ਜੋਰ ਦਿੱਤਾ। 1986 ਦੀ ਸਿੱਖਿਅਕ ਨੀਤੀ ਵਿੱਚ ਇਸਤਰੀ ਸਿੱਖਿਆ ਬਾਬਤ ਇਨ੍ਹਾਂ ਪੱਖਾਂ ਤੇ ਜੋਰ ਦਿੱਤਾ ਗਿਆ ਹੈ: (1) ਇਨ੍ਹਾਂ ਵਿੱਚੋਂ ਅਨਪੜ੍ਹਤਾ ਦੂਰ ਕਰਨਾ (2) ਇਨ੍ਹਾਂ ਨੂੰ ਕਿੱਤਾਕਾਰੀ ਸਿੱਖਿਆ ਪ੍ਰਦਾਨ ਕਰਨਾ (3) ਇਨ੍ਹਾਂ ਨੂੰ ਤਕਨੀਕੀ ਸਿੱਖਿਆ ਪ੍ਰਦਾਨ ਕਰਨਾ।

1992 ਦੀ ਸੋਧੀ ਹੋਈ ਸਿੱਖਿਅਕ ਨੀਤੀ ਵਿੱਚ ਇਸਤਰੀਆਂ ਦੇ ਰੁਤਬੇ ਨੂੰ ਉੱਚਾ ਚੁੱਕਣ ਤੇ ਜੋਰ ਦਿੱਤਾ ਅਤੇ ਵੱਖ-ਵੱਖ ਕੋਰਸਾਂ ਵਿਚ ਔਰਤਾਂ ਬਾਰੇ ਖੋਜ਼ ਨੂੰ ਉਤਸ਼ਹਿਤ ਕਰਨ ਲਈ ਕਿਹਾ ਗਿਆ।

### 2.4.4 ਇਸਤਰੀ ਸਿੱਖਿਆ ਦੀ ਘਟ ਰਹੀ ਸਾਖਰਤਾ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਨ

- **ਸਕੂਲ ਸਹੂਲਤਾਂ ਦੀ ਘਾਟ (Lack of proper school facility):-** ਔਰਤਾਂ ਦੀ ਘਟ ਰਹੀ ਸਾਖਰਤਾ ਦਾ ਮੁੱਖ ਕਾਰਨ ਸਕੂਲ ਸਹੂਲਤਾਂ ਦੀ ਘਾਟ ਅਤੇ ਇਸਤਰੀ ਅਧਿਆਪਕਾਂ ਦਾ ਅਯੋਗ ਹੋਣਾ ਹੈ।
- **ਸਫਾਈ ਸਹੂਲਤਾਂ ਦੀ ਘਾਟ (Sanitation):-** ਆਮ ਤੌਰ ਤੇ ਪਿੰਡਾ ਦੇ ਸਕੂਲਾਂ ਵਿਚ ਪਾਖਾਨਿਆਂ ਦੀ ਘਾਟ ਅਤੇ ਸਫਾਈ ਦਾ ਠੀਕ ਨਾ ਹੋਣਾ, ਲੜਕੀਆਂ ਦੇ ਸਕੂਲਾਂ ਵੱਲ ਘਟ ਰਹੇ ਰਝਾਣ ਦਾ ਮੁੱਖ ਕਾਰਨ ਹੈ।
- **ਭਾਰਤ ਵਿੱਚ ਗਰੀਬੀ (Poverty in India):-** ਪਿੰਡਾਂ ਵਿੱਚ ਜਿਆਦਾਤਰ ਲੋਕ ਗਰੀਬੀ ਰੇਖਾਂ ਤੋਂ ਹੇਠਾਂ ਹਨ ਅਤੇ ਔਰਤਾਂ ਸਕੂਲ ਜਾਣ ਦੀ ਥਾਂ ਖੇਤਾਂ ਵਿੰਚ ਕੰਮ ਕਰ ਰਹੀਆਂ ਹਨ।
- **ਜਾਤੀ-ਅਸਮਾਨਤਾ (Caste disparities):-** ਸਕੂਲਾਂ ਵਿੱਚ ਔਰਤਾਂ ਦੀ ਘਟ ਰਹੀ ਗਿਣਤੀ ਦਾ ਮੁੱਖ ਕਾਰਨ ਜਾਤੀ ਅਸਮਾਨਤਾ ਹੈ। ਜਿਵੇ ਕਿ ਅੱਜ ਵੀ ਭਾਰਤ ਦੇ ਕਈ ਪ੍ਰਦੇਸ਼ਾ ਵਿੱਚ ਛੋਟੀ ਜਾਤ ਦੀਆਂ ਔਰਤਾਂ ਨੂੰ ਦਾਖਲਾ ਨਹੀਂ ਦਿੱਤਾ ਜਾਂਦਾ।
- **ਮਰਦ ਪ੍ਰਧਾਨ ਸਮਾਜ (Male dominating society):-** ਭਾਰਤ ਵਿੱਚ ਮਰਦ ਪ੍ਰਧਾਨ ਸਮਾਜ ਵਿਚ ਔਰਤਾਂ ਨੂੰ ਚਾਹੇ ਕਈ ਸੰਵਿਧਾਨਿਕ ਵੱਲੋ ਅਧਿਕਾਰ ਦਿੱਤੇ ਗਏ ਹਨ, ਪਰ ਫਿਰ ਵੀ ਉਹ ਸਮਾਜਿਕ, ਆਰਥਿਕ ਅਤੇ ਰਾਜਨਿਤਿਕ ਪੱਧਰ ਤੇ ਮਰਦਾਂ ਨਾਲੋ ਪਿੱਛੇ ਰੱਖਿਆ ਜਾਂਦਾ ਹੈ। ਇਥੋ ਤੱਕ ਕਿ ਗੁਰੂ ਨਾਨਕ ਦੇਵ ਜੀ ਨੇ ਵੀ ਔਰਤਾਂ ਨੂੰ ਮਰਦਾ ਨਾਲੋ ਉੱਚਾ ਸਥਾਨ ਦਿੱਤਾ ਹੈ। **'ਸੋ ਕਿਉ ਮੰਦਾ ਆਖਿਐ, ਜਿਤ ਜੰਮਿਹ ਰਾਜਾਨ'** ਪਰ ਫਿਰ ਵੀ ਲੜਕੇ ਦੇ ਪੈਦਾ ਹੋਣ ਤੇ ਲੜਕੀ ਦੇ ਪੈਦਾ ਹੋਣ ਨਾਲੋ ਵਧੇਰੇ ਖੁਸ਼ੀ ਮਨਾਈ ਜਾਂਦੀ ਹੈ। ਕਿਉਂਕਿ ਇਹ ਮੰਨਿਆ ਜਾਂਦਾ ਹੈ ਕਿ ਕੋਈ ਵੀ ਸੰਸਕਾਰ (ਜਨਮ ਜਾਂ ਮੌਤ) ਲੜਕੇ ਤੋਂ ਬਿਨਾ ਪੂਰਾ ਨਹੀਂ ਹੁੰਦਾ ਅਤੇ ਲੜਕੇ ਨੂੰ ਹੀ ਜਾਇਦਾਦ ਦਾ ਅਸਲੀ ਵਾਰਿਸ ਸਮਝਿਆ ਜਾਂਦਾ ਹੈ।
- **ਦਹੇਜ਼ ਪ੍ਰਥਾ (Expenditure on girl's marriage such as dowry):-** ਅਧੁਨਿਕ ਯੁੱਗ ਵਿਚ ਵੀ ਦਹੇਜ਼ ਪ੍ਰਥਾ ਇੱਕ ਬੁਰਾਈ ਬਣ ਕੇ ਸਾਹਮਣੇ ਆ ਰਹੀ ਹੈ। ਦਿਨ ਪ੍ਰਤੀ ਦਿਨ ਲੜਕੇ ਦੇ ਪਰਿਵਾਰ ਵੱਲੋਂ ਦਹੇਜ਼ ਦੀਆਂ ਮੰਗਾਂ ਵਧਦੀਆਂ ਜਾ ਰਹੀਆ ਹਨ, ਜਿਸ ਕਾਰਨ ਲੜਕੀ ਦੇ ਪਰਿਵਾਰ ਦੀ ਜਮਾਂ ਪੂੰਜੀ ਦਹੇਜ ਵਿੱਚ ਚਲੀ ਜਾਂਦੀ ਹੈ, ਅਤੇ ਅੰਤ ਤੱਕ ਲੜਕੇ ਵਾਲਿਆ ਦੀ ਮੰਗ ਵਧਦੀ ਜਾਂਦੀ ਹੈ। ਜੋ ਕਿ ਕਈ ਮੌਤਾਂ ਦਾ ਕਾਰਨ ਬਣਦੀ ਹੈ।

- **ਸ਼ਾਨ ਦਾ ਚਿੰਨ (Status symbol):-** ਕਈ ਪਰਿਵਾਰ ਲੜਕਿਆਂ ਨੂੰ ਆਪਣੀ ਸ਼ਾਨ ਦਾ ਚਿੰਨ ਸਮਝਦੇ ਹਨ ਜਦ ਕਿ ਲੜਕੀ ਹੋਣ ਤੇ ਸ਼ਰਮ ਮਹਿਸੂਸ ਕਰਦੇ ਹਨ।
- **ਲੜਕੇ ਪਰਿਵਾਰ ਨੂੰ ਅੱਗੇ ਲੈ ਕੇ ਜਾਦੇ ਹਨ (Boys carry on the family):-** ਇਹ ਸਮਝਿਆ ਜਾਂਦਾ ਹੈ ਕਿ ਲੜਕੇ ਪਰਿਵਾਰ ਦਾ ਨਾਮ ਅੱਗੇ ਲੈ ਕੇ ਜਾਂਦੇ ਹਨ, ਜਦੋਂ ਕਿ ਲੜਕੀ ਨੂੰ ਕੇਵਲ ਬੱਚੇ ਪੈਦਾ ਕਰਨਾ ਅਤੇ ਆਪਣੇ ਪਤੀ ਦੇ ਪਰਿਵਾਰ ਦਾ ਹਿੱਸਾ ਸਮਝਿਆ ਜਾਂਦਾ ਹੈ।
- **ਸਹੂਲਤਾਂ ਦੀ ਘਾਟ (Lack of facilities):-** ਲੜਕੀਆਂ ਲਈ ਕਈ ਸਹੂਲਤਾਂ ਦੀ ਘਾਟ ਜਿਵੇਂ ਅਲੱਗ ਪਾਖਾਨੇ ਨਾ ਹੋਣ ਕਰਕੇ ਵੀ ਸਕੂਲਾਂ ਵਿਚ ਲੜਕੀਆਂ ਦੀ ਸੰਖਿਆਂ ਘਟ ਜਾਂਦੀ ਹੈ। ਚਾਹੇ ਸਰਕਾਰ ਇਸ ਵੱਲ ਵਿਸ਼ੇਸ਼ ਧਿਆਨ ਦੇ ਰਹੀ ਹੈ ਪ੍ਰੰਤੂ ਅਜੇ ਵੀ ਭਾਰਤ ਦੇ ਬਹੁਤ ਸਾਰੇ ਪੱਛੜੇ ਰਾਜਾਂ ਵਿਚ ਇਸ ਸਮੱਸਿਆ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ।
- **ਘਰੇਲੂ ਹਿੰਸਾ (Domestic Violence):-** ਘਰੇਲੂ ਔਰਤਾਂ ਨੂੰ ਆਪਣੇ ਪਤੀ ਤੋਂ ਕਈ ਤਰਾਂ ਦੀ ਘਰੇਲੂ ਹਿੰਸਾ ਦਾ ਸਾਹਮਣਾ ਕਰਨਾ ਪੈਂਦਾ ਹੈ। 34% ਵਿਆਹੁਤਾ ਔਰਤਾਂ ਇਸ ਤਰ੍ਹਾਂ ਦੀ ਹਿੰਸਾ ਦਾ ਸ਼ਿਕਾਰ ਹੁੰਦੀਆ ਹਨ।
- **ਇਸਤਰੀਆਂ ਪ੍ਰਤੀ ਹਿੰਸਕ ਘਟਨਾਵਾਂ (Incident of Violence against Women):-** ਇਸਤਰੀਆਂ ਪ੍ਰਤੀ ਵਧ ਰਹੀਆਂ ਹਿੰਸਕ ਘਟਨਾਵਾਂ ਵੀ ਇਸਤਰੀ ਸਿੱਖਿਆ ਦੀ ਘਾਟ ਨੂੰ ਪ੍ਰਭਾਵਿਤ ਕਰਨ ਦਾ ਇੱਕ ਮੁੱਖ ਕਾਰਣ ਹੈ।

ਇਸਤਰੀਆਂ ਪ੍ਰਤੀ ਹਿੰਸਕ ਘਟਨਾਵਾਂ:

**ਹਿੰਸਕ ਸੂਚੀ**

| **ਹਿੰਸਕ ਘਟਨਾਵਾਂ** | **ਸਾਲ 1985** | **ਸਾਲ 1999** |
|---|---|---|
| ਬਲਾਤਕਾਰ | 13754 | 15468 |
| ਕਿਡਨੈਪ | 14063 | 15962 |
| ਦਹੇਜ਼ ਲਈ ਮੌਤ | 5092 | 6699 |
| ਘਰ ਵਿੱਚ ਹਿੰਸਾ | 31127 | 43823 |
| ਛੇੜਛਾੜ | 28475 | 32311 |
| ਜਿਨਸੀ ਛੇੜਛਾੜ | 4756 | 8858 |
| ਲੜਕੀਆਂ ਦਾ ਆਯਾਤ | 191 | 1 |
| ਸਤੀ ਪ੍ਰਥਾ | 27 | 0 |
| ਮਨੁੱਖੀ ਤਸਕਰੀ | 8447 | 9363 |
| ਅਸਲੀਲ ਹਰਕਤਾਂ | 539 | 222 |
| ਦਹੇਜ਼ ਲਈ ਤੰਗ ਕਰਨਾ | -- | 3064 |
| **ਕੁੱਲ** | **106471** | **135771** |




ਭਾਰਤ ਵਿੱਚ ਹਿੰਸਾਂ ਨੈਸ਼ਨਲ ਕਰਾਇਮ ਰਿਕਾਰਡ ਬਿਊਰੋ ਦੇ ਅਨੁਸਾਰ (Crimes in India, National Crimes Record Bureau)

### 2.4.5 ਸਵੈ ਮੁਲਾਂਕਣ

ਹੇਠ ਲਿਖਿਆ ਤੇ ਸੰਖੇਪ ਨੋਟ ਲਿਖੋ:-

**ਪ੍ਰਸ਼ਨ 1:** ਵੈਦਿਕ ਕਾਲ ਵਿੱਚ ਔਰਤਾਂ ਦੀ ਸਥਿਤੀ।

**ਪ੍ਰਸ਼ਨ 2:** ਬੁੱਧ ਕਾਲ ਵਿੱਚ ਔਰਤਾਂ ਦੀ ਸਿੱਖਿਆ।

**ਪ੍ਰਸ਼ਨ 3:** ਅਧੁਨਿਕ ਕਾਲ ਵਿੱਚ ਔਰਤਾਂ ਸੰਬੰਧੀ ਨੀਤੀਆਂ।

### 2.4.6 ਇਸਤਰੀ ਸਿੱਖਿਆ ਦੀਆਂ ਸਮੱਸਿਆਵਾਂ ਅਤੇ ਇਸ ਵਿਚ ਹੋਣ ਵਾਲੀ ਪ੍ਰਗਤੀ

**(ੳ) ਇਸਤਰੀਆ ਮਰਦਾਂ ਨਾਲੋਂ ਘੱਟ ਸਾਖਰ (Less Literate than Men):-** 1991 ਦੇ ਅੰਕੜਿਆਂ ਅਨੁਸਾਰ ਸਿੱਖਿਅਤ ਇਸਤਰੀਆਂ ਦੀ ਦਰ 39.42% ਸੀ ਤੇ ਮਰਦਾਂ ਦੀ 63.86% ਸੀ। ਬਹੁਤ ਲੋੜ ਹੈ ਕਿ ਇਸਤਰੀਆਂ ਦੇ ਮਰਦਾਂ ਦੀ ਸਾਖਰਤਾ ਬਰਾਬਰ ਤੇ ਲੈ ਆਂਦੀ ਜਾਵੇ ਤਾਂ ਹੀ ਭਾਰਤ ਆਰਥਿਕ, ਸਮਾਜਕ, ਸਭਿਆਚਾਰਕ ਤਰੱਕੀ ਕਰੇਗਾ ਅਤੇ ਆਬਾਦੀ ਦੇ ਵਾਧੇ ਨੂੰ ਘਟਾਉਣ ਦੇ ਪੱਖ ਤੋਂ ਉੱਨਤੀ ਕਰ ਸਕੇਗਾ।

**(ਅ) ਇਸਤਰੀਆਂ ਨਾਲ ਭਾਂਤ-ਭਾਂਤ ਦੇ ਵਿਤਕਰੇ (Different Types of Discriminations against Women):-** ਇਸਤਰੀਆਂ ਸਿੱਖਿਆ ਦੀ ਤਰੱਕੀ ਦੇ ਰਾਹ ਵਿਚ ਪਿੱਛੇ ਖਿੱਚੂ ਵਿਚਾਰ, ਗ਼ਰੀਬੀ, ਇਸਤਰੀ ਸਕੂਲਾਂ ਦੀ ਘਾਟ, ਇਸਤਰੀ ਅਧਿਆਪਕਾਂ ਦੀ ਘਾਟ, ਸਰਕਾਰ ਦੀ ਦਿਲਚਸਪੀ ਦੀ ਘਾਟ, ਫ਼ੇਲ੍ਹ ਹੋਣ ਤੇ ਪੜ੍ਹਾਈ ਵਿਚ ਹੀ ਛੱਡ ਜਾਣਾ ਤੇ ਸਲੇਬਸ ਦਾ ਅਨੁਕੂਲ ਨਾ ਹੋਣਾ ਵੀ ਸ਼ਾਮਲ ਹਨ। ਇਸ ਦੇ ਨਾਲ-ਨਾਲ ਸਮਾਜਿਕ ਵਿਤਕਰੇ, ਸੱਭਿਆਚਾਰਕ ਵਿਤਕਰੇ ਤੇ ਧਰਮ ਨੇ ਵੀ ਇਸ ਵਿਚ ਆਪਣਾ ਯੋਗਦਾਨ ਪਾਇਆ ਹੈ।

**(ੲ) ਸੱਭਿਆਚਾਰਕ ਵਿਤਕਰੇ (Cultural Discriminations):-** ਇਸਤਰੀਆਂ ਦੇ ਆਚਰਨ ਬਾਰੇ ਸਾਡੇ ਸਮਾਜ ਵਿਚ ਜੋ ਕੀਮਤਾਂ ਬਣ ਚੁੱਕੀਆਂ ਹਨ, ਉਸ ਅਨੁਸਾਰ ਉਨ੍ਹਾਂ ਦੇ ਘਰ ਕੇ ਕੰਮ-ਕਾਰ ਤੇ ਬੱਚੇ ਪੈਦਾ ਕਰਨ ਦੇ ਕੰਮਾਂ ਦਾ ਇਸਤਰੀ ਸਿੱਖਿਆ ਦੇ ਬਹੁਤ ਬੁਰਾ ਅਸਰ ਪੈਂਦਾ ਹੈ। ਲੜਕੀਆਂ ਨੂੰ ਸਕੂਲ ਨਾ ਘੱਲਣ ਬਾਰੇ ਕੀਮਤਾਂ, ਉਨ੍ਹਾਂ ਦੇ ਘਰੋਂ ਬਾਹਰ ਜਾਣ ਤੋਂ ਪਾਬੰਦੀਆਂ, ਛੋਟੀ ਉਮਰ ਵਿਚ ਸ਼ਾਦੀ ਕਰਨ ਦੀ ਰਸਮ ਆਦਿ ਦਾ ਇਸਤਰੀ ਸਿੱਖਿਆ ਤੇ ਅਸੁਖਾਵਾਂ ਅਸਰ ਪੈਂਦਾ ਹੈ।

**(ਸ) ਸਿੱਖਿਅਕ ਵਿਤਕਰੇ (Educational Discrimination):-** ਸਿੱਖਿਆ ਦੇ ਖੇਤਰ ਵਿੱਚ ਲੜਕੀਆਂ ਲਈ ਘੱਟ ਵਿਵਸਥਾਵਾਂ ਦੇ ਕਈ ਕਾਰਣ ਹਨ ਜਿਸ ਤਰ੍ਹਾਂ ਕਿ ਲੜਕੀਆਂ ਲਈ ਵੱਖ-ਵੱਖ ਸਿੱਖਿਅਕ ਪੱਧਰਾਂ ਤੇ

ਸੁਵਿਧਾਵਾਂ ਦੀ ਘਾਟ, ਪੁਰਾਣੇ ਕੋਰਸਾਂ ਵਿਚ ਦਾਖ਼ਲੇ ਦੀਆਂ ਪੁਰਾਣੀਆਂ ਪਾਬੰਦੀਆਂ, ਕੁਰੀਕੁਲਮ ਵਿਚਲੇ ਵਿਤਕਰੇ, ਅਧਿਆਪਕਾਂ ਤੇ ਪ੍ਰਸ਼ਾਸਕਾਂ ਦਾ ਘਟੀਆ ਵਤੀਰਾ ਤੇ ਇਸਤਰੀਆਂ ਦਾ ਉਚੇਰੀਆਂ ਪਦਵੀਆਂ ਤੇ ਘੱਟ ਹੋਣਾ ਆਦਿ ਪਰ ਹੁਣ ਇਸ ਸਥਿਤੀ ਵਿਚ ਖ਼ਾਸ ਫ਼ਰਕ ਪੈ ਰਿਹਾ ਹੈ ਤੇ ਉਚੇਰੀ ਸਿੱਖਿਆ ਦੇ ਖੇਤਰ ਵਿਚ ਹੁਣ ਵੀ ਵੱਧ ਲੜਕੀਆਂ ਦਾਖ਼ਲ ਹੋ ਰਹੀਆਂ ਹਨ। ਹੁਣ ਤਾਂ ਬੁੱਧੀਜੀਵੀ ਵੀ ਇਹ ਸਮਝਣ ਲਗ ਗਏ ਹਨ ਕਿ ਲੜਕੀਆਂ ਲੜਕਿਆਂ ਨਾਲੋਂ ਜ਼ਿਆਦਾ ਪੜ੍ਹਾਈ ਕਰਦੀਆਂ ਹਨ। ਹੁਣ ਕਾਲਜਾਂ ਤੇ ਯੂਨੀਵਰਸਿਟੀਆਂ ਦੇ ਇਮਤਿਹਾਨਾਂ ਵਿਚ ਲੜਕੀਆਂ ਦੇ ਹੀ ਉੱਚੇ ਸਥਾਨ ਆ ਰਹੇ ਹਨ।

1922 ਵਿਚ ਮੌਂਟ ਫ਼ੋਰਡ ਸੁਧਾਰਾਂ ਕਰ ਕੇ ਅਤੇ ਸਿੱਖਿਆ ਦੇ ਰਾਜ ਵਿਸ਼ਾ ਬਣਨ ਕਰਕੇ ਅਤੇ ਪ੍ਰਾਈਵੇਟ ਉੱਦਮ ਵਿਚ ਤੇਜ਼ੀ ਆਉਣ ਕਰਕੇ ਇਸਤਰੀ ਸਿੱਖਿਆ ਨੇ ਕਾਫ਼ੀ ਪ੍ਰਗਤੀ ਕੀਤੀ। ਹੇਠਲੀ ਸਾਰਣੀ ਇਸ ਪ੍ਰਗਤੀ ਦਾ ਸੰਕੇਤ ਦਿੰਦੀ ਹੈ। ਇਸ ਸਾਰਣੀ ਵਿਚ ਸਿੱਖਿਆ ਪ੍ਰਾਪਤ ਕਰਨ ਵਾਲੀਆਂ ਲੜਕੀਆਂ ਦੀ ਸੰਖਿਆ ਦਿੱਤੀ ਗਈ ਹੈ।

| **ਪੜਾਅ** | **ਕਾਲਜ** | **ਸੈਕੰਡਰੀ ਸਕੂਲ** | **ਪ੍ਰਾਇਮਰੀ** | **ਉਚੇਚੀ ਸਿੱਖਿਆ** |
|---|---|---|---|---|
| 1981-82 | 6 | 2054 | 124491 | 515 |
| 1901-02 | 169 | 9075 | 349712 | 2457 |
| 1921-22 | 905 | 26163 | 196224 | 10831 |
| 1946-47 | 20304 | 602280 | 3475165 | 58993 |

ਇਸ ਕਾਲ ਵਿਚ ਸਹਿ ਸਿੱਖਿਆ ਵੀ ਕਾਫ਼ੀ ਹਰਮਨ ਪਿਆਰੀ ਹੋਈ। 1946-47 ਵਿਚ ਪੜ੍ਹਨ ਵਾਲੀਆਂ ਲੜਕੀਆਂ ਵਿਚੋਂ ਤਕਰੀਬਨ 50% ਲੜਕੀਆਂ ਸਹਿ ਸਿੱਖਿਆ ਕਾਲਜਾਂ ਵਿਚ ਹੀ ਪੜ੍ਹਦੀਆਂ ਸਨ, ਪ੍ਰਾਇਮਰੀ ਪੱਧਰ ਤੇ ਇਹ ਪ੍ਰਤੀਸ਼ਤ ਬਹੁਤ ਉਚੀ ਸੀ।

ਸੁਤੰਤਰਤਾ ਪ੍ਰਾਪਤੀ ਵੇਲੇ ਲੜਕੇ ਅਤੇ ਲੜਕੀਆਂ ਦੇ ਸਿੱਖਿਆ ਦੇ ਅਨੁਪਾਤ ਇਸ ਤਰ੍ਹਾਂ ਸਨ:-

1) ਪ੍ਰਾਇਮਰੀ ਸਕੂਲਾਂ ਵਿਚ ਪੜ੍ਹਨ ਵਾਲੇ ਹਰ 100 ਮੁੰਡਿਆਂ ਪਿੱਛੋ 30 ਲੜਕੀਆਂ ਪੜ੍ਹਦੀਆਂ ਸਨ।
2) ਤਕਨੀਕੀ ਜਾਂ ਵਿਵਸਾਇਕ ਖੇਤਰ ਵਿਚ 100 ਮੁੰਡਿਆਂ ਪਿਛੇ ਅਜਿਹੀ ਸਿੱਖਿਆ ਲੈਣ ਵਾਲੀਆਂ ਲੜਕੀਆਂ ਕੇਵਲ 7 ਸਨ।
3) ਸਾਮਾਨ ਸਿੱਖਿਆ ਦੇ ਕਾਲਜਾਂ ਵਿਚ 100 ਲੜਕਿਆਂ ਪਿੱਛੇ ਲੜਕੀਆਂ ਦੀ ਸੰਖਿਆ 9 ਸੀ।
4) ਸੈਕੰਡਰੀ ਸਕੂਲਾਂ ਵਿਚ ਲੜਕੇ ਲੜਕੀਆਂ ਦਾ ਅਨੁਪਾਤ 100:14 ਸੀ ਤੇ ਮਿਡਲ ਸਕੂਲਾਂ ਵਿਚ 100:22 ਸੀ।
5) ਮਰਦਾਂ ਦੀ ਸਾਖਰਤਾ 22.6% ਸੀ ਤੇ ਇਸਤਰੀਆਂ ਦੀ ਸਾਖਰਤਾ 6% ਸੀ। ਸੁਤੰਤਰਤਾ ਪ੍ਰਾਪਤੀ ਤੋਂ ਬਾਅਦ ਇਸਤਰੀ ਸਿੱਖਿਆ ਵਲ ਵਿਸ਼ੇਸ਼ ਧਿਆਨ ਦਿਤਾ ਗਿਆ।

### 2.4.7 ਵੱਖ-ਵੱਖ ਕਮਿਸ਼ਨਾਂ ਤੇ ਕਮੇਟੀਆਂ ਦੀਆਂ ਸਿਫਾਰਸ਼ਾਂ

ਇਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

**(ੳ) 1948-49 ਦਾ ਯੂਨੀਵਰਸਿਟੀ ਐਜੂਕੇਸ਼ਨ ਕਮਿਸ਼ਨ (University Education Commission 1948-49)**

**ਵਿਤਕਰੇ ਬੰਦ ਕਰਨਾ (Removing Discriminations):** ਇਸ ਕਮਿਸ਼ਨ ਨੇ ਸਿਫ਼ਾਰਿਸ਼ ਕੀਤੀ ਹੈ ਕਿ ਜੀਵਨ ਦੀ ਆਮ ਸੁਵਿਧਾਵਾਂ, ਯੋਗ ਸਿੱਖਿਅਕ ਪ੍ਰਸਥਿਤੀਆਂ, ਸਿੱਖਿਅਕ ਅਗਵਾਈ, ਸਮਾਜਕ ਸੰਸਥਾਵਾਂ ਵਿਚ

ਯੋਗ ਸਥਾਨ, ਯੋਗ ਸਤਿਕਾਰ ਤੇ ਸਮਾਜਕ ਜ਼ਿੰਮੇਵਾਰੀਆਂ, ਸਾਂਝੀਆਂ ਸਿੱਖਿਆ ਦੀਆਂ ਸਹੂਲਤਾਂ ਤੇ ਮਰਦਾਂ ਦੇ ਬਰਾਬਰ ਦੀਆਂ ਤਨਖ਼ਾਹਾਂ ਨਾਲ ਇਸਤਰੀਆਂ ਨੂੰ ਯੋਗ ਉਤਸ਼ਾਹ ਮਿਲੇਗਾ ਤੇ ਉਨ੍ਹਾਂ ਦਾ ਸਤਿਕਾਰ ਵਧੇਗਾ।

**(ਅ) ਇਸਤਰੀ ਸਿੱਖਿਆ ਲਈ ਕੌਮੀ ਪੱਧਰ ਦੀ ਕੌਂਸਲ 1958–59 (National Committee on Women Education):** ਦੁਰਗਾ ਬਾਈ ਦੇਸ਼ ਮੁੱਖ ਦੀ ਪ੍ਰਧਾਨਗੀ ਵਿੱਚ ਬਨਾਈ ਗਈ ਵਿਸ਼ੇਸ਼ ਕਮੇਟੀ ਨੇ ਆਪਣੀ ਰਿਪੋਰਟ 1959 ਵਿਚ ਪੇਸ਼ ਕੀਤੀ ਸੀ ਜਿਸ ਵਿਚ ਹੇਠ ਲਿਖੀਆਂ ਸਿਫ਼ਾਰਸ਼ਾਂ ਕੀਤੀਆਂ ਸੀ।

- ਜਿੰਨੀ ਵੀ ਜਲਦੀ ਹੋ ਸਕਦਾ ਹੋਵੇ ਇਸਤਰੀ ਤੇ ਮਰਦ ਦੇ ਵਿਚਕਾਰਲੀ ਸਿੱਖਿਆ ਦੀ ਵਿੱਥ ਨੂੰ ਖ਼ਤਮ ਕਰਨਾ ਚਾਹੀਦਾ ਹੈ।
- ਇਸਤਰੀਆਂ ਅਤੇ ਲੜਕੀਆਂ ਦੇ ਵਿਕਾਸ ਲਈ ਕੌਮੀ ਪੱਧਰ ਦੀ ਕੌਂਸਲ ਸਥਾਪਤ ਕੀਤੀ ਜਾਵੇ।
- ਪ੍ਰਾਂਤਿਕ ਸਰਕਾਰਾਂ ਨੂੰ ਵੀ ਪ੍ਰਾਂਤਿਕ ਪੱਧਰ ਤੇ ਲੜਕੀਆਂ ਅਤੇ ਇਸਤਰੀਆਂ ਲਈ ਕੌਂਸਲਾਂ ਬਨਾਉਣੀਆਂ ਚਾਹੀਦੀਆਂ ਹਨ।
- ਪਲਾਨਿੰਗ ਕਮਿਸ਼ਨ ਦੇ ਪੰਜ ਸਾਲਾਂ ਯੋਜਨਾ ਵਿਚ ਇਸਤਰੀ ਮਾਨਵ ਸ਼ਕਤੀ ਦੇ ਅੰਦਾਜ਼ੇ ਲਗਾਉਣੇ ਚਾਹੀਦੇ ਹਨ।
- ਅਰਧ ਸਰਕਾਰੀ ਸੰਸਥਾਵਾਂ, ਲੋਕਲ ਬਾਡੀਜ਼, ਵੋਲੈਂਟਰੀ ਸੰਸਥਾਵਾਂ, ਅਧਿਆਪਕਾਂ ਅਤੇ ਜਨਤਾਂ ਦਾ ਸਹਿਯੋਗੀ ਬਨਾਇਆ ਜਾਵੇ।
- ਵੋਲੈਂਟਰੀ ਸੰਗਠਨਾਂ ਨੂੰ ਇਸਤਰੀਆਂ ਲਈ ਹੋਸਟਲ, ਲੈਬੋਟਰੀਆਂ ਅਤੇ ਲਾਇਬ੍ਰੇਰੀਆਂ ਸਥਾਪਤ ਕਰਨ ਲਈ ਸਹਾਇਤਾ ਪ੍ਰਦਾਨ ਕੀਤੀ ਜਾਵੇ।
- ਇਸਤਰੀ ਸਿੱਖਿਆ ਦੀਆਂ ਫਿਲਮਾਂ ਤੇ ਡਾਕੂਮੈਂਟਰੀਆਂ ਬਣਾ ਕੇ ਲੋਕਾਂ ਨੂੰ ਸੂਚਿਤ ਕੀਤਾ ਜਾਵੇ।
- ਸੈਂਟਰਲ ਸੋਸ਼ਲ ਵੈਲਫ਼ੇਅਰ ਬੋਰਡ ਵੱਲੋਂ ਚਲਾਏ ਜਾ ਰਹੇ ਬਾਲਗ ਇਸਤਰੀ ਸੈਂਟਰਾਂ ਨੂੰ ਪੱਕਾ ਕੀਤਾ ਜਾਵੇ।
- ਲੜਕੀਆਂ ਲਈ ਟੈਕਨੀਕਲ ਅਦਾਰੇ ਬਨਾਏ ਜਾਣ। ਇਨ੍ਹਾਂ ਲਈ ਕੇਂਦਰੀ ਸਰਕਾਰ ਪੰਜ ਸਾਲਾਂ ਦੀ ਪੂਰੀ–ਪੂਰੀ ਸਹਾਇਤਾ ਪ੍ਰਦਾਨ ਕਰੇ।
- ਸੁਵਿਧਾਵਾਂ ਉੱਚਾ ਚੁੱਕਣ ਵਾਲੇ ਪ੍ਰੋਗਰਾਮ ਜਿਸ ਤਰ੍ਹਾਂ ਕਿ ਅਧਿਆਪਕਾਂ ਲਈ ਕਵਾਟਰ ਬਨਾਉਣੇ, ਇਸਤਰੀ ਅਧਿਆਪਕਾਂ ਨੂੰ ਪੇਂਡੂ ਭੱਤਾ ਦੇਣਾ, ਸਕੂਲ ਮਾਤਾਵਾਂ ਦੀ ਭਰਤੀ, ਵੱਖਰੇ ਬਾਥਰੂਮ ਬਨਾਉਣੇ, ਹੋਸਟਲ ਬਨਾਉਣੇ, ਬੱਚਿਆਂ ਲਈ ਕਰੈਚ ਬਨਾਉਣੇ, ਸਕੂਲ ਦੀ ਵਰਦੀ ਦੇਣਾ ਅਤੇ ਦੁਪਹਿਰ ਦਾ ਖਾਣਾ ਦੇਣਾ ਆਦਿ ਦਾ ਪ੍ਰਬੰਧ ਕੀਤਾ ਜਾਵੇ।
- ਪਛੜੇ ਹੋਏ ਇਲਾਕਿਆਂ, ਪਹਾੜੀ ਇਲਾਕਿਆਂ ਅਤੇ ਦੂਰ ਦੁਰਾਡੇ ਦੇ ਇਲਾਕਿਆਂ ਦੀਆਂ ਲੜਕੀਆਂ ਨੂੰ ਬੱਸਾਂ ਵਿਚ ਮੁਫ਼ਤ ਸਫ਼ਰ ਕਰਨ ਤੇ ਉਥੇ ਕੰਮ ਕਰਨ ਵਾਲੀਆਂ ਅਧਿਆਪਕਾਂ ਨੂੰ ਵਿਸ਼ੇਸ਼ ਭੱਤੇ ਦਿੱਤੇ ਜਾਣ।
- ਇਸਤਰੀ ਸਿੱਖਿਆ ਦੇ ਖੇਤਰ ਵਿਚ ਕੀਤੇ ਜਾ ਰਹੇ ਉਪਰਾਲਿਆਂ ਬਾਬਤ ਵਿਸ਼ੇਸ਼ ਸੈਮੀਨਾਰ ਕਰਵਾਏ ਜਾਣ।
- ਸਾਰੀਆਂ ਲੜਕੀਆਂ ਦੀ ਫ਼ੀਸ ਮਾਫ਼ ਹੋਣ ਅਤੇ ਬਹੁਤ ਗਿਣਤੀ ਵਿਚ ਵਜੀਫ਼ੇ ਦਿੱਤੇ ਜਾਣ।
- ਜਿਥੇ ਲੜਕੀਆਂ ਲਈ ਵਿਸ਼ੇਸ਼ ਸਕੂਲ ਨਾ ਹੋਣ ਉੱਥੇ ਸਾਂਝੇ ਸਕੂਲਾਂ ਦੀ ਹੌਂਸਲਾ ਅਫ਼ਜਾਈ ਕੀਤੀ ਜਾਵੇ।

- ਇਨ੍ਹਾਂ ਸਿਫ਼ਾਰਸ਼ਾਂ ਦੇ ਫਲਸਰੂਪ 1959 ਵਿਚ ਕੌਮੀ ਪੱਧਰ ਦੀ ਇਸਤਰੀ ਸਿੱਖਿਆ ਦੀ ਕਮੇਟੀ ਸਥਾਪਤ ਹੋਈ ਜਿਸ ਦਾ ਮੁੜ ਸੰਗਠਨ 1964 ਵਿਚ ਕੀਤਾ ਗਿਆ। ਇਸ ਦੇ 27 ਮੈਂਬਰ ਸੀ ਅਤੇ ਹੇਠ ਲਿਖੇ ਮਨੋਰਥ ਸਨ।

➢ ਸਰਕਾਰ ਨੂੰ ਲੜਕੀਆਂ ਦੀ ਸਕੂਲ ਪੱਧਰ ਦੀ ਤੇ ਬਾਲਗ਼ ਸਿੱਖਿਆ ਲਈ ਸਲਾਹ ਦੇਣਾ।

➢ ਇਸਤਰੀ ਸਿੱਖਿਆ ਦੇ ਵਾਧੇ ਤੇ ਉਸ ਵਿਚਲੇ ਸੁਧਾਰ ਲਈ ਟੀਚੇ ਮਿਥਣੇ, ਪ੍ਰੋਗਰਾਮ ਬਨਾਉਣਾਂ ਤੇ ਉਨ੍ਹਾਂ ਦਾ ਸਥਾਨ ਨਿਸ਼ਚਤ ਕਰਨਾ।

➢ ਇਸਤਰੀ ਸਿੱਖਿਆ ਸੰਬੰਧੀ, ਵੋਲੈਂਟਰੀ ਸੰਸਥਾਵਾਂ ਦਾ ਚੰਗਾ ਸਹਿਯੋਗ ਪ੍ਰਾਪਤ ਕਰਨ ਲਈ ਸਲਾਹ ਦੇਣਾ।

➢ ਵੱਖ-ਵੱਖ ਸਕੀਮਾਂ ਦੇ ਲਾਗੂ ਕਰਨ ਦਾ ਮੁਲਾਂਕਣ ਕਰਨਾ ਤੇ ਉਸ ਨੂੰ ਸੁਚੱਜਾ ਬਨਾਉਣ ਲਈ ਸਲਾਹ ਦੇਣਾ।

➢ ਇਸਤਰੀ ਵਿੱਦਿਆ ਸੰਬੰਧੀ ਵਿਸ਼ੇਸ਼ ਭਾਂਤ ਦਾ ਡਾਟਾ ਇਕੱਠਾ ਕਰਨਾ ਅਤੇ ਇਸ ਸੰਬੰਧੀ ਸੈਂਪਲ ਸਰਵੇ ਕਰਨਾ ਤੇ ਖੋਜ਼ ਦੀਆਂ ਸਕੀਮਾਂ ਬਨਾਉਣਾ, ਉਨ੍ਹਾਂ ਸਮੱਸਿਆਵਾਂ ਲਈ ਸੈਮੀਨਾਰ ਬਨਾਉਣ, ਜਿਨ੍ਹਾਂ ਪ੍ਰਤੀ ਸਮੇਂ-ਸਮੇਂ ਲੋੜ ਪੈਂਦੀ ਰਹੇ।

**(ੲ) ਹਰਸਾਮਹਿਤਾ ਕਮੇਟੀ ਦੀ ਇਸਤਰੀ ਸਿੱਖਿਆ ਸੰਬੰਧੀ ਰਿਪੋਰਟ 1968-69:-** ਇਸ ਕਮੇਟੀ ਨੇ ਹੇਠ ਲਿਖੀਆਂ ਹੋਈਆਂ ਸਿਫ਼ਾਰਸ਼ਾਂ ਕੀਤੀਆਂ ਹਨ। ਜਿਨ੍ਹਾਂ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਉਹ ਹਨ ਜਨਰਲ ਸਿਫ਼ਾਰਸ਼ਾਂ ਅਤੇ ਕੁਰੀਕੁਲਰ ਸੰਬੰਧੀ ਸਿਫ਼ਾਰਸ਼ਾਂ।

**1) ਜਨਰਲ ਸਿਫ਼ਾਰਸ਼ਾਂ**

1. ਪ੍ਰਾਇਮਰੀ ਪੱਧਰ ਤੇ ਸਾਂਝੀ ਸਿੱਖਿਆ।
2. ਸਿੱਖਿਆ ਪ੍ਰਤੀ ਜ਼ੋਰਦਾਰ ਉਪਰਾਲੇ।
3. ਸਕੂਲ ਤੇ ਕਾਲਜ ਦੀ ਪੱਧਰ ਤੇ ਸਾਂਝੀ ਸਿੱਖਿਆ ਦੇ ਪ੍ਰਬੰਧ ਕਰਨ ਦੀ ਖੁਲ੍ਹ।
4. ਹਰ ਪੱਧਰ ਤੇ ਸੈਕੰਡਰੀ ਤੇ ਯੂਨੀਵਰਸਿਟੀ ਪੱਧਰ ਤੇ ਇਸਤਰੀ ਅਧਿਆਪਕਾਂ ਦੀਆਂ ਨਿਯੁਕਤੀਆਂ।

**2) ਲੜਕੇ ਅਤੇ ਲੜਕੀਆਂ ਦੇ ਕਰੀਕੁਲਮ ਵਿੱਚ ਵਖਰੇਵਾਂ (Recommendation on Differentiation of Curriculum for Boys & Girls):** ਇਸ ਕਮੇਟੀ ਨੇ ਲੜਕੇ ਅਤੇ ਲੜਕੀਆਂ ਲਈ ਪਾਠਕ੍ਰਮ ਵਿਚ ਵੱਖ-ਵੱਖ ਪ੍ਰਕਾਰ ਦੇ ਹਰ ਪੱਧਰ ਤੇ ਵੱਖਰੇ ਪਾਠਕ੍ਰਮ ਲਈ ਉਪਰਾਲੇ ਕੀਤੇ। ਇਸ ਨੇ ਵੱਖ-ਵੱਖ ਪੱਧਰਾਂ ਤੇ ਵੱਖਰੇ ਪਾਠਕ੍ਰਮ ਦੀ ਸਿਫ਼ਾਰਸ਼ ਕੀਤੀ ਸੀ।

- **ਪ੍ਰਾਇਮਰੀ ਪੱਧਰ ਤੇ (At Primary Stage)**

ਇਸ ਪੱਧਰ ਤੇ ਲੜਕੇ ਅਤੇ ਲੜਕੀਆਂ ਦੇ ਕਰੀਕੂਲਮ ਵਿਚ ਕੋਈ ਵਿਸ਼ੇਸ਼ ਵਖਰੇਵਾਂ ਨਹੀਂ ਹੋਣਾ ਚਾਹੀਦਾ ਤੇ ਉਹ ਕ੍ਰਿਆਵਾਂ ਜਿਨ੍ਹਾਂ ਨੂੰ ਸੋਸ਼ਲ ਕਾਰਣਾਂ ਕਰਕੇ ਮਰਦਾਨਾ ਜਾਂ ਜਨਾਨਾ ਕਿਹਾ ਜਾਂਦਾ ਹੈ, ਖ਼ਤਮ ਕਰ ਦੇਣੇ ਚਾਹੀਦੇ ਹਨ।

- **ਮਿਡਲ ਪੱਧਰ ਤੇ (At Middle Stage)**

1. **ਸਾਂਝੇ ਕੋਰਸ (Common Courses):** ਲਿੰਗ ਦੇ ਆਧਾਰ ਤੇ ਕੋਈ ਵਖਰੇਵਾਂ ਨਹੀਂ ਹੋਣਾ ਚਾਹੀਦਾ ਅਤੇ ਜਨਰਲ ਭਾਂਤ ਦੀ ਸਿੱਖਿਆ ਲੜਕੇ ਤੇ ਲੜਕੀਆਂ ਲਈ ਸਾਂਝੀ ਹੋਣੀ ਚਾਹੀਦੀ ਹੈ।
2. **ਕਿੱਤਾਕਾਰੀ ਤਿਆਰੀ ਦੇ ਕੋਰਸ (Vocational Preparation Courses):** ਇਨ੍ਹਾਂ ਨੂੰ ਮਿਡਲ ਸਕੂਲ ਤੋਂ ਉਪਰੰਤ ਚਲਾਉਣਾ ਚਾਹੀਦਾ ਹੈ।

3. **ਕਰਾਫ਼ਟ ਦੀ ਪੜ੍ਹਾਈ (Craft Education):** ਇਸ ਪੱਧਰ ਤੇ ਸਕੂਲ ਵਿਚ ਇਕ ਜਾਂ ਦੋ ਕਰਾਫ਼ਟਾਂ ਦੀ ਪੜ੍ਹਾਈ ਸ਼ੁਰੂ ਕਰਨੀ ਚਾਹੀਦੀ ਹੈ। ਜੇ ਇਕ ਨਾਲੋਂ ਵੱਧ ਕਰਾਫ਼ਟ ਪੜ੍ਹਾਏ ਜਾਣ ਤਾਂ ਵਿਦਿਆਰਥੀਆਂ ਨੂੰ ਖੁੱਲ੍ਹ ਹੋਣੀ ਚਾਹੀਦੀ ਹੈ ਕਿ ਉਹ ਜਿਸ ਵਿਚ ਉਨ੍ਹਾਂ ਦੀ ਰੁਚੀ ਹੋਵੇ ਉਸ ਨੂੰ ਚੁਣ ਸਕਣ।
4. **ਸਾਂਝਾ ਸਟਾਫ਼ (Common Staff):** ਮਿਡਲ ਪੱਧਰ ਤੇ ਇਸਤਰੀ ਤੇ ਮਰਦ ਅਧਿਆਪਕ ਦੋਵੇਂ ਹੀ ਨਿਯੁਕਤ ਹੋਣੇ ਚਾਹੀਦੇ ਹਨ। ਜਿਥੇ ਸਕੂਲ ਲੜਕਿਆਂ ਦਾ ਹੋਵੇ ਅਤੇ ਉਥੇ ਲੜਕੀਆਂ ਵੀ ਪੜ੍ਹਦੀਆਂ ਹੋਣ ਤਾਂ ਵਿਸ਼ੇਸ਼ ਕਰ ਕੇ ਇਸਤਰੀ ਅਧਿਆਪਕ ਨਿਯੁਕਤ ਹੋਣੇ ਚਾਹੀਦੇ ਹਨ।
5. **ਲੜਕੀਆਂ ਲਈ ਵਿਸ਼ੇਸ਼ ਸੁਵਿਧਾਵਾਂ**

   -ਸਾਂਝੇ ਸਕੂਲਾਂ ਵਿਚ ਇਸਤਰੀ ਅਧਿਆਪਕਾਂ ਦੀ ਨਿਯੁਕਤੀ।

   -ਲੜਕੀਆਂ ਲਈ ਵੱਖਰੇ ਸਕੂਲ ਖੋਲ੍ਹਣੇ।

   -ਲਾਇਕ ਲੜਕੀਆਂ ਨੂੰ ਮਿਡਲ ਤੇ ਸੈਕੰਡਰੀ ਪੱਧਰ ਤੇ ਸਿੱਖਿਆ ਪ੍ਰਾਪਤ ਕਰਨ ਲਈ ਵਜ਼ੀਫਿਆਂ ਦਾ ਪ੍ਰਬੰਧ ਕਰਨਾ।

   -ਜਿਨ੍ਹਾਂ ਲੜਕੀਆਂ ਦੇ ਘਰਾਂ ਦੇ ਨੇੜੇ ਸਕੂਲ ਨਾ ਹੋਣ ਉਨ੍ਹਾਂ ਲਈ ਮੁਫ਼ਤ ਬੱਸਾਂ ਵਿਚ ਸਫ਼ਰ ਕਰਨ ਦੀ ਸਹੂਲਤ ਪ੍ਰਦਾਨ ਕਰਨਾ।

- **ਸੈਕੰਡਰੀ ਪੱਧਰ ਤੇ (At Secondary Level)**

1. ਵੱਖਰੀ-ਵੱਖਰੀ ਪ੍ਰਕਾਰ ਦੇ ਕਰਾਫ਼ਟ, ਬੱਚਿਆਂ ਦੀ ਯੋਗਤਾ ਨੂੰ ਪਰਖੇ ਬਗ਼ੈਰ ਲਾਗੂ ਕਰਨਾਂ।
2. ਲੜਕੀਆਂ ਲਈ ਢੁਕਵੇਂ ਕੋਰਸਾਂ ਦਾ ਪ੍ਰਬੰਧ ਕਰਨਾ ਜਿਸ ਤਰ੍ਹਾਂ ਕਿ ਹੋਮ ਸਾਇੰਸ, ਸੰਗੀਤ ਤੇ ਕੋਮਲ ਕਲਾਵਾਂ। ਲਿੰਗ ਸਿੱਖਿਆ ਨੂੰ ਕੋਰਸ ਦਾ ਅੰਗ ਨਾ ਬਨਾਇਆ ਜਾਵੇ, ਪਰ ਇਸ ਬਾਰੇ ਗਿਆਨ ਸੁਲਝੇ ਹੋਏ ਅਤੇ ਬੁੱਧੀਮਾਨ ਅਧਿਆਪਕਾਂ ਰਾਹੀ ਪ੍ਰਦਾਨ ਕੀਤਾ ਜਾਵੇ।
3. ਲੜਕੀਆਂ ਲਈ ਸਾਇੰਸ ਤੇ ਹਿਸਾਬ ਪੜ੍ਹਾਉਣ ਦਾ ਪ੍ਰਬੰਧ ਕੀਤਾ ਜਾਵੇ ਤੇ ਇਸ ਲਈ ਇਸਤਰੀ ਅਧਿਆਪਕਾਂ ਦੀ ਨਿਯੁਕਤੀ ਕੀਤੀ ਜਾਵੇ। ਕੁਰੀਕੁਲਮ ਤੇ ਕੋਕੁਰੀਕੁਲਰ ਕ੍ਰਿਆਵਾਂ ਵਿੱਚ ਸੰਤੁਲਨ ਰੱਖਿਆ ਜਾਵੇ। ਟੈਕਸਟ ਬੁਕ ਕਮੇਟੀ ਉੱਪਰ ਇਸਤਰੀ ਦੀ ਵੀ ਨਿਯੁਕਤੀ ਹੋਣੀ ਚਾਹੀਦੀ ਹੈ।

- **ਯੂਨੀਵਰਸਿਟੀ ਪੱਧਰ ਤੇ (At University Level):** ਯੂਨੀਵਰਸਿਟੀ ਨੂੰ ਵਿਸ਼ੇਸ਼ ਕਰਕੇ ਲੜਕੀਆਂ ਲਈ ਬਨਾਈਆਂ ਗਈਆਂ ਸਹੂਲਤਾਂ ਦਾ ਨਿਰੀਖਣ ਕਰਦੇ ਰਹਿਣਾ ਚਾਹੀਦਾ ਹੈ ਤੇ ਇਨ੍ਹਾਂ ਦੀਆਂ ਕਮੀਆਂ ਨੂੰ ਦੂਰ ਕਰਨਾ ਚਾਹੀਦਾ ਹੈ।
- **ਕਿੱਤਾਕਾਰੀ ਸਿੱਖਿਆ (Vocational Courses)**

1. ਇਨ੍ਹਾਂ ਦਾ ਇਸਤਰੀਆਂ ਲਈ ਵਿਸ਼ੇਸ਼ ਪ੍ਰਬੰਧ ਕਰਨੇ ਚਾਹੀਦੇ ਹਨ।
2. ਸੈਕੰਡਰੀ ਪੱਧਰ ਤੇ ਸਮਾਜ ਦੀਆਂ ਲੋੜਾਂ ਨੂੰ ਲੜਕੀਆਂ ਦੀ ਸਿਖਲਾਈ ਨਾਲ ਜੋੜਨਾ ਚਾਹੀਦਾ ਹੈ।
3. ਵੋਕੇਸ਼ਨਲ ਸਕੂਲ ਜਾਂ ਟ੍ਰੇਂਡ ਸਕੂਲ ਉਸ ਪ੍ਰਕਾਰ ਦੇ ਖੋਲ੍ਹਣੇ ਚਾਹੀਦੇ ਹਨ ਜਿਨ੍ਹਾਂ ਵਿੱਚ ਇਸਤਰੀਆਂ ਦੀ ਵਧੇਰੇ ਲੋੜ ਹੋਵੇ।
4. ਮਿਡਲ ਪੱਧਰ ਦੀਆਂ ਲੜਕੀਆਂ ਲਈ ਵਿਸ਼ੇਸ਼ ਭਾਂਤ ਦੇ ਕਿੱਤਾਕਾਰੀ ਸਕੂਲ ਦਾ ਪ੍ਰਬੰਧ ਹੋਣਾ ਚਾਹੀਦਾ ਹੈ।

5. ਕਿੱਤਾਕਾਰੀ ਪੱਧਰ ਤੇ ਵੱਖਰੇ ਕੋਰਸ ਬਨਾਉਣਾ। ਅਜਿਹਾ ਇਸ ਪ੍ਰਕਾਰ ਕਰਨਾ ਚਾਹੀਦਾ ਹੈ ਤਾਂ ਕਿ ਲੜਕੀਆਂ ਵੱਧ ਤੋਂ ਵੱਧ ਗਿਣਤੀ ਵਿਚ ਪ੍ਰਬੰਧਕੀ ਅਤੇ ਜ਼ਿੰਮੇਦਾਰਾਨਾ ਪਦਵੀਆਂ ਤੇ ਨਿਯੁਕਤ ਹੋ ਸਕਣ।

**(ਸ) ਬਕਤੁਲਸਲਾਮ ਕਮੇਟੀ 1963 (Bhaktavalsalom Committee, 1963)**

ਇਸਤਰੀਆਂ ਸੰਬੰਧੀ ਨੈਸ਼ਨਲ ਕੌਂਸਲ ਨੇ ਵੀ ਬਕਤੁਲਸਲਾਮ ਦੀ ਸਰਪ੍ਰਸਤੀ ਹੇਠ ਇਕ ਕਮੇਟੀ ਨਿਯੁਕਤ ਕੀਤੀ ਸੀ ਤਾਂ ਕਿ ਉਹ ਗ੍ਰਾਮੀਨ ਇਲਾਕਿਆਂ ਵਿਚ ਇਸਤਰੀ ਸਿੱਖਿਆ ਲਈ ਸਹਾਇਤਾ ਦੇਣ ਲਈ ਲੋਕਾਂ ਦਾ ਸਹਿਯੋਗ ਲਵੇ।

- ਲੋਕਾਂ ਦਾ ਸਹਿਯੋਗ ਲੈਣਾ
- ਪ੍ਰਾਈਵੇਟ ਸਕੂਲ ਬਨਾਉਣੇ।
- ਸਕੂਲਾਂ ਦੀਆਂ ਬਿਲਡਿੰਗਾਂ ਦੀ ਉਸਾਰੀ ਕਰਵਾਉਣਾ।
- ਸਕੂਲਾਂ ਦੀ ਬਿਲਡਿੰਗਾਂ ਦੀ ਦੇਖ ਭਾਲ ਕਰਨਾ।
- ਗ੍ਰਾਮੀਨ ਇਲਾਕਿਆਂ ਵਿਚ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਬਿਲਡਿੰਗਾਂ ਦਾ ਨਿਰਮਾਣ ਕਰਨਾ।
- ਅਧਿਆਪਕਾਂ ਦਾ ਮਾਨ ਵਧਾਉਣਾ।
- ਇਸਤਰੀਆਂ ਲਈ ਅਧਿਆਪਕਾਂ ਦੇ ਧੰਦੇ ਲਈ ਸੁਖਾਵਾਂ ਮਾਹੌਲ ਬਨਾਉਣਾ।
- ਸ਼ਾਦੀ ਸ਼ੁਦਾ ਔਰਤਾਂ ਨੂੰ ਉਤਸਾਹਿਤ ਕਰਨਾ ਕਿ ਉਹ ਕੁਝ ਸਮੇਂ ਲਈ ਸਕੂਲਾਂ ਵਿਚ ਪੜ੍ਹਾਉਣ ਜਾਂ ਫੇਰ ਸਕੂਲ ਪੱਧਰ ਦਾ ਕੰਮ ਕਰਨ।
- ਇਸਤਰੀ ਸਿੱਖਿਆ ਸੰਬੰਧੀ ਪੁਰਾਤਨ ਕੀਮਤਾਂ ਤੇ ਰੁਕਾਵਟਾ ਨੂੰ ਦੂਰ ਕਰਨ ਲਈ ਮਾਹੌਲ ਬਨਾਉਣਾ।
- ਸਕੂਲਾਂ ਦੇ ਸੁਧਾਰਨ ਦੀਆਂ ਕਮੇਟੀ ਬਨਾਉਣ ਤੇ ਇਸ ਬਾਰੇ ਕਾਨਫ਼ਰੈਂਸਾਂ ਕਰਨਾ।
- ਸਕੂਲਾਂ ਵਿਚ ਦੁਪਹਿਰ ਦੇ ਖਾਨੇ ਦਾ ਪ੍ਰਬੰਧ ਕਰਨਾ।
- ਗ਼ਰੀਬ ਲੜਕੀਆਂ ਦੀ ਸਕੂਲ ਦੀ ਵਰਦੀਆਂ ਮੁਫ਼ਤ ਦੇਣ।
- ਲੋੜਵੰਦ ਲੜਕੀਆਂ ਲਈ ਮੁਫ਼ਤ ਕਿਤਾਬਾਂ ਅਤੇ ਕਾਪੀਆਂ ਦਾ ਪ੍ਰਬੰਧ ਕਰਨਾ।

**(ਹ) ਕੈਬੇ ਕਮੇਟੀ ਦੀਆਂ ਸਿਫ਼ਾਰਸ਼ਾਂ (Recommendations of CABE Committee, 1992)**

1) ਇਸ ਤਰ੍ਹਾਂ ਕਿ ਨਵੀਨ ਨੈਸ਼ਨਲ ਨੀਤੀ ਵਿਚ ਜ਼ੋਰ ਦਿੱਤਾ ਗਿਆ ਹੈ ਅਜਿਹੇ ਵਿਸ਼ੇਸ਼ ਉਪਰਾਲੇ ਕਰਨੇ ਚਾਹੀਦੇ ਹਨ ਕਿ ਉਹ ਸਾਰੇ ਰੋੜ੍ਹੇ ਰਾਹ ਵਿਚੋਂ ਕੱਢ ਦਿੱਤੇ ਜਾਣ ਜੋ ਕਿ ਕਿਸੇ ਵੀ ਪੱਧਰ ਤੇ ਇਸਤਰੀ ਸਿੱਖਿਆ ਦੀ ਮੁਖਾਲਫ਼ਤ ਕਰਦੇ ਹਨ। ਇਸ ਲਈ ਕੇਂਦਰੀ ਸਰਕਾਰ ਪ੍ਰਾਂਤਕ ਸਰਕਾਰ ਤੇ ਸਥਾਨਕ ਸੰਸਥਾਵਾਂ ਨੂੰ ਜ਼ੋਰਦਾਰ ਕਦਮ ਚੁੱਕਣੇ ਚਾਹੀਦੇ ਹਨ।

2) ਜੋ ਸਿਫ਼ਾਰਸ਼ਾ ਰਿਵੀਊ ਕਮੇਟੀ ਨੇ ਕੀਤੀਆਂ ਹਨ ਕਿ ਪਾਣੀ ਦਾ, ਬਾਲਣ ਦਾ ਤੇ ਪਸ਼ੂਆਂ ਲਈ ਚਾਰੇ ਦਾ, ਘਰਾਂ ਦੇ ਨੇੜੇ ਨਿਵਾਸ ਹੋਣਾ ਚਾਹੀਦਾ ਹੈ, ਇਹ ਸਭ ਕੁਝ ਸਿੱਖਿਆ ਵਿਭਾਗ ਇਕੱਲਾ ਨਹੀਂ ਕਰ ਸਕਦਾ। ਇਸ ਲਈ ਯੋਜਨਾ ਕਮਿਸ਼ਨ ਨੂੰ ਇਸਤਰੀ ਤੇ ਬੱਚਿਆਂ ਦੇ ਵਿਕਾਸ ਦੇ ਵਿਭਾਗਾਂ ਨੂੰ ਆਪਣਾ ਯੋਗਦਾਨ ਦੇਣਾ ਚਾਹੀਦਾ ਹੈ ਤਾਂ ਹੀ ਇਸ ਪ੍ਰਕਾਰ ਦੀ ਸਰਵ ਪੱਖੀ ਧਾਰਨਾ ਬਣ ਸਕੇਗੀ।

3) ਇਸ ਤਰ੍ਹਾਂ ਕਿ ਨਵੀਨ ਸਿੱਖਿਅਕ ਨੈਸ਼ਨਲ ਨੀਤੀ ਵਿਚ ਕਿਹਾ ਗਿਆ ਹੈ ਤੇ ਰਿਵੀਊ ਕਮੇਟੀ ਨੇ ਵੀ ਸਿਫ਼ਾਰਸ਼ ਕੀਤੀ ਹੈ, ਸਿੱਖਿਆ ਦੀ ਪੌੜੀ ਦੇ ਸਾਰੇ ਪੜਾਵਾਂ ਤੇ ਇਸਤਰੀ ਸਿੱਖਿਆ ਲਈ ਵਿਸ਼ੇਸ਼ ਫੰਡ ਰਾਖਵੇਂ ਰੱਖਣੇ ਚਾਹੀਦੇ ਹਨ ਤੇ ਖਰਚਨੇ ਵੀ ਸਿਰਫ਼ ਇਨ੍ਹਾਂ ਤੇ ਹੀ ਚਾਹੀਦੇ ਹਨ।

4) ਇੰਝ ਪ੍ਰਤੀਤ ਹੁੰਦਾ ਹੈ ਕਿ ਸ਼ਾਇਦ ਪ੍ਰਸ਼ਾਸਨਕ ਕਾਰਨਾਂ ਕਰਕੇ ਇਹ ਸੰਭਵ ਨਾ ਹੋ ਸਕੇ ਕਿ ਇਸਤਰੀ ਸਿੱਖਿਆ ਦਾ ਮਸਲਾ, ਅਨੁਸੂਚਿਤ ਜਾਤੀਆਂ ਨਾਲੋਂ ਵੱਖਰਾ ਹੈ। ਇਹ ਸਾਰੀਆ ਜਾਤੀਆਂ, ਧਰਮਾਂ, ਪ੍ਰਾਂਤਾ ਵਿਚ ਸਾਂਝਾ ਹੈ ਇਸ ਲਈ ਇਸ ਵੱਲ ਵਿਸ਼ੇਸ਼ ਤੌਰ ਨਾਲ ਧਿਆਨ ਦੇਣ ਦੀ ਲੋੜ ਹੈ।

5) ਕੇਂਦਰ ਵਿੱਚ ਪਲਾਨਿੰਗ ਕਮਿਸ਼ਨ, ਇਸਤਰੀਆਂ ਤੇ ਬੱਚਿਆਂ ਦੇ ਵਿਕਾਸ ਦਾ ਵਿਭਾਗ, ਇਸੇ ਤਰ੍ਹਾਂ ਦੀਆਂ ਪ੍ਰਾਂਤਿਕ ਪੱਧਰ ਦੀਆਂ ਏਜੰਸੀਆਂ ਤੇ ਇਸੇ ਪ੍ਰਕਾਰ ਦੀਆਂ ਤਹਿਸੀਲ ਪੱਧਰ ਦੀਆਂ ਏਜੰਸੀਆਂ ਨੂੰ ਬਾਕੀ ਦੂਸਰੇ ਸੰਬੰਧਤ ਵਿਭਾਗ ਨਾਲ ਮਿਲ ਕੇ ਹਰ ਪੱਧਰ ਤੇ, ਖ਼ਾਸ ਕਰਕੇ ਜ਼ਿਲ੍ਹੇ ਦੀ ਪੱਧਰ ਤੇ ਇੰਨਟੈਗਰੈਟਿਡ ਪਲਾਨਿੰਗ ਤੇ ਵਿਕਾਸ ਦੀਆਂ ਅਜਿਹੀਆਂ ਸਕੀਮਾਂ ਬਨਾਉਣੀਆਂ ਚਾਹੀਦੀਆਂ ਹਨ ਤਾਂ ਕਿ ਇਸਤਰੀ ਸਿੱਖਿਆ ਦੇ ਰਾਹ ਵਿਚ ਆਉਣ ਵਾਲੀਆਂ ਔਕੜਾਂ ਦੂਰ ਹੋ ਜਾਣ।

6) ਨਵੀਨ ਸਿੱਖਿਆ ਨੀਤੀ ਦੀਆਂ ਕੀਤੀਆਂ ਹੋਈਆਂ ਸਿਫ਼ਾਰਸ਼ਾਂ ਜਿਸ ਤਰ੍ਹਾਂ ਕਿ ਇਸਤਰੀਆਂ ਲਈ ਕਰੀਕੁਲਮ ਵਿਚ ਵਖਰੇਵਾਂ, ਇਸਤਰੀਆਂ ਬਾਬਤ ਖੋਜ਼, ਇਸਤਰੀਆਂ ਦੀ ਸਿੱਖਿਆ ਵਿਕਾਸ ਦੀ ਹਰ ਪੱਧਰ ਤੇ ਨਿਯੁਕਤੀ ਤੇ ਮਹਿਲਾ ਸਮੀਖਿਆ ਆਦਿ ਤੇ ਪੂਰਨ ਭਾਂਤ ਅਮਲ ਕਰਨਾ ਚਾਹੀਦਾ ਹੈ।

### 2.4.8 ਔਰਤਾਂ ਲਈ ਬਦਲ ਰਹੀਆਂ ਪ੍ਰਸਥਿਤੀਆਂ

- **ਇਸਤਰੀ ਸਿੱਖਿਆ ਦਾ ਪਛੜੇ ਕਬੀਲਿਆਂ ਤੇ ਪ੍ਰਭਾਵ:-** ਹੁਣ ਇਹ ਦੇਖਣ ਵਿਚ ਆਇਆ ਕਿ ਭਾਰਤ ਦੇ ਪਛੜੇ ਕਬੀਲਿਆਂ ਵਿਚ ਭਾਵੇਂ ਇਸਤਰੀਆਂ ਆਪ ਵੀ ਕੰਮ ਕਰਦੀਆਂ ਹਨ ਤੇ ਕਮਾਈ ਵੀ ਕਰਦੀਆਂ ਹਨ ਤਾਂ ਵੀ ਉਹ ਮੂਲ ਰੂਪ ਵਿਚ ਮਰਦਾਂ ਤੇ ਹੀ ਨਿਰਭਰ ਹੁੰਦੀਆਂ ਹਨ। ਪਰਿਵਾਰ ਦੀ ਆਰਥਿਕ ਸਥਿਤੀ ਨੂੰ ਉੱਚੇ ਚੁੱਕਣ ਵਿਚ ਪੱਟੀਦਰਜ਼ ਕਬੀਲਿਆਂ ਤੇ ਗ੍ਰਾਮੀਨ ਇਲਾਕਿਆਂ ਵਿਚ ਇਸਤਰੀਆਂ ਦਾ ਕਾਫ਼ੀ ਹਿੱਸਾ ਹੁੰਦਾ ਹੈ, ਕਿਉਂਕਿ ਉਹ ਨਾ ਸਿਰਫ਼ ਘਰ ਦਾ ਕੰਮ ਕਾਰ ਹੀ ਕਰਦੀਆਂ ਹਨ ਸਗੋਂ ਖੇਤਾਂ ਵਿਚ ਵੀ ਕੰਮ ਕਰਦੀਆਂ ਹਨ, ਬਾਹਰੋਂ ਪਾਣੀ ਲੈ ਆਉਂਦੀਆਂ ਹਨ, ਬਾਲਣ ਇਕੱਠਾ ਕਰ ਲੈਂਦੀਆਂ ਹਨ ਤੇ ਬੱਚਿਆਂ ਦੀ ਦੇਖ ਭਾਲ ਵੀ ਕਰਦੀਆਂ ਹਨ। ਇਸ ਸਭ ਦੇ ਬਾਵਜੂਦ ਵੀ ਉਨ੍ਹਾਂ ਨੇ ਜੇ ਕੋਈ ਖਰਚ ਕਰਨਾ ਹੁੰਦਾ ਹੈ ਤਾਂ ਉਹ ਆਪਣੇ ਪਤੀ ਪਾਸੋਂ ਜਾਂ ਘਰ ਦੇ ਹੋਰ ਮਰਦਾਂ ਪਾਸੋਂ ਆਗਿਆ ਲੈਂਦੀਆਂ ਹਨ। ਇਹ ਸਪਸ਼ਟ ਕਰਦਾ ਹੈ ਕਿ ਸਾਡਾ ਸਮਾਜ ਮਰਦ ਪ੍ਰਧਾਨ ਸਮਾਜ ਹੈ।
- **ਇਸਤਰੀ ਸਿੱਖਿਆ ਵਿੱਚ SEWA ਦੀ ਭੂਮਿਕਾ:-** ਆਪਣੀ ਕਮਾਈ ਆਪ ਕਰਨ ਵਾਲੀਆਂ ਇਸਤਰੀਆਂ ਦੀ ਸੰਸਥਾ (Self Employed Women Association) ਜਿਸ ਨੂੰ ਸੇਵਾ (SEWA) ਵੀ ਕਿਹਾ ਜਾਂਦਾ ਹੈ ਕਿ ਅਹਿਮਦਾਬਾਦ ਵਿਚ ਇਹ ਖੋਜ ਕੀਤੀ ਸੀ। ਇਸ ਨੇ ਆਪਣੇ ਰੋਜ਼ਗਾਰ ਵਿਚ ਲੱਗੀਆਂ ਇਸਤਰੀਆਂ, ਅਨਪੜ੍ਹ ਔਰਤਾਂ ਜਿਨ੍ਹਾਂ ਨਾਲ ਕਿ ਬਹੁਤ ਵਿਤਕਰੇ ਵਾਲਾ ਸਲੂਕ ਕੀਤਾ ਜਾਂਦਾ ਸੀ। ਉਨ੍ਹਾਂ ਦੇ ਮਰਦਾਂ ਦੁਆਰਾ ਉਨ੍ਹਾਂ ਦੀ ਬਹੁਤ ਬੇਕਦਰੀ ਤੇ ਬੇਇਜ਼ਤੀ ਕੀਤੀ ਜਾਂਦੀ ਸੀ। ਉਨ੍ਹਾਂ ਨੂੰ ਕਰਜੇ ਦੇ ਕੇ ਉਨ੍ਹਾਂ ਦੀ ਆਰਥਿਕ ਹਾਲਤ ਹੀ ਨਹੀਂ ਸੁਧਰੀ ਸਗੋਂ ਉਨ੍ਹਾਂ ਦੀ ਸਮਾਜਕ ਹਾਲਤ ਵੀ ਸੁਧਰ ਗਈ। ਉਨ੍ਹਾਂ ਦੇ ਖਿਲਾਫ਼ ਵਿਤਕਰਾ ਵੀ ਘੱਟ ਗਿਆ ਸੀ। ਇਸ ਨਾਲ ਉਨ੍ਹਾਂ ਦਾ ਪ੍ਰਵਾਰਕ ਜੀਵਨ ਵੀ ਉੱਚਾ ਉੱਠ ਗਿਆ ਸੀ।
- **ਇਸਤਰੀ ਸਿੱਖਿਆ ਵਿੱਚ ਹੋ ਰਹੀਆ ਖੋਜਾਂ:-** ਭਾਰਤ ਵਿੱਚ ਇਸਤਰੀਆਂ ਦੀ ਸਿੱਖਿਆ ਦੇ ਉਪਜਾਊ ਅੰਸ਼ਾਂ ਤੇ ਵੀ ਖੋਜ਼ ਸ਼ੁਰੂ ਹੋ ਗਈ ਹੈ। ਆਸ ਹੈ ਕਿ ਇਸ ਨਾਲ ਇਸਤਰੀਆਂ ਦਾ ਸਤਿਕਾਰ ਵਧੇਗਾ। ਮੋਹਨ ਐਨ ਸ਼ਾਂਤਾ ਨੇ 1989 ਵਿਚ ਇਕ ਖੋਜ ਰਾਹੀਂ ਇਸਤਰੀ ਸਿੱਖਿਆ ਤੇ ਉਨ੍ਹਾਂ ਦੇ ਰੋਜ਼ਗਾਰ ਦੇ ਆਰਥਿਕ ਤੇ ਗ਼ੈਰ-ਆਰਥਿਕ ਫਾਇਦਿਆਂ ਦਾ ਅਧਿਐਨ ਕੀਤਾ ਸੀ। ਉਸ ਨੇ ਇਹ ਖੋਜਿਆ ਹੈ ਕਿ ਭਾਰਤੀ ਸਮਾਜ ਵਿੱਚ ਸੈਕੰਡਰੀ ਸਿੱਖਿਆ ਹੀ ਵਧੇਰੇ ਲਾਭਕਾਰੀ ਹੁੰਦੀ ਹੈ। ਗੈਰ-ਆਰਥਿਕ ਪੱਖ ਤੋਂ ਖੋਜ ਦੇ ਇਹ ਸਿੱਟੇ ਨਿਕਲਦੇ ਹਨ

ਕਿ ਸਿੱਖਿਆ ਨਾਲ ਵਤੀਰਿਆਂ ਤੇ ਵਿਵਹਾਰ ਵਿਚ ਕਈ ਤਬਦੀਲੀ ਆਉਂਦੀ ਹੈ। ਇਸ ਨਾਲ ਰੋਜ਼ਗਾਰ, ਵਿਆਹ ਤੇ ਪਰਿਵਾਰ, ਰਾਜਨੀਤਿਕ ਵਾਤਾਵਰਣ, ਧਰਮ ਤੇ ਅਸਰ ਵੀ ਪੈਂਦਾ ਹੈ।

- **ਇਸਤਰੀ ਮਰਦ ਅਨੁਪਾਤ:-** ਹੇਠ ਲਿਖੀ ਸਾਰਣੀ ਸਾਨੂੰ ਭਾਰਤ ਵਿਚ ਇਸਤਰੀ ਅਤੇ ਮਰਦ ਦੀ ਸਾਖਰਤਾ ਵਿੱਚ ਆ ਰਹੇ ਅਨੁਪਾਤ ਬਾਰੇ ਦਸਦੀ ਹੈ।

ਭਾਰਤ ਵਿੱਚ ਸਾਖਰਤਾ ਨੂੰ ਦਰਸਾਉਂਦੀ ਸਾਰਣੀ:-

| **ਲੜੀ ਨੰ:** | **ਸੈਂਸਸ ਸਾਲ** | **ਕੁਲ %** | **ਮਰਦ %** | **ਇਸਤਰੀ %** |
|---|---|---|---|---|
| 1 | 1901 | 5.35 | 9.83 | 0.60 |
| 2 | 1911 | 5.92 | 10.56 | 1.05 |
| 3 | 1921 | 7.16 | 12.21 | 1.81 |
| 4 | 1931 | 9.50 | 15.59 | 2.93 |
| 5 | 1941 | 16.10 | 24.90 | 7.30 |
| 6 | 1951 | 16.67 | 24.95 | 9.45 |
| 7 | 1961 | 24.02 | 34.44 | 12.95 |
| 8 | 1971 | 29.45 | 39.45 | 9.69 |
| 9 | 1981 | 36.23 | 46.89 | 24.82 |
| 10 | 1991 | 42.84 | 52.74 | 32.17 |
| 11 | 2001 | 64.83 | 75.74 | 53.67 |
| 12 | 2011 | 74.04 | 82.14 | 65.46 |

### 2.4.9 ਸਾਰ

ਭਾਵੇਂ ਇਸਤਰੀ ਜਾਤੀ ਨੂੰ ਬਹੁਤ ਸਾਰੀਆਂ ਰਿਆਇਤਾਂ ਪ੍ਰਦਾਨ ਕੀਤੀਆਂ ਗਈਆਂ ਹਨ, ਇਸਤਰੀਆਂ ਪ੍ਰਤੀ ਖੋਜ ਦੇ ਕੇਂਦਰ ਸਥਾਪਤ ਕੀਤੇ ਗਏ ਹਨ, ਉਨ੍ਹਾਂ ਦੀ ਸਿੱਖਿਆ ਲਈ ਵਿਸ਼ੇਸ਼ ਉਪਰਾਲੇ ਕੀਤੇ ਗਏ ਹਨ, ਹਰ ਪੱਧਰ ਤੇ ਲੜਕੇ-ਲੜਕੀਆਂ ਦੀ ਸਾਂਝੀ ਸਿੱਖਿਆ ਲਾਗੂ ਕੀਤੀ ਗਈ ਹੈ ਤਾਂ ਵੀ ਹਾਲੇ ਉਨ੍ਹਾਂ ਨੂੰ ਸਮਾਜ ਵਿਚ ਮਰਦਾਂ ਦੇ ਬਰਾਬਰ ਲੈ ਆਉਣ ਲਈ ਬੜੇ ਉੱਘੇ ਉਪਰਾਲੇ ਕਰਨ ਦੀ ਲੋੜ ਹੈ। ਸਾਡੇ ਦੇਸ਼ ਵਿੱਚ ਪਹਿਲਾਂ ਹੀ ਇਸਤਰੀਆ ਦੀ ਗਿਣਤੀ ਮਰਦਾਂ ਨਾਲੋਂ ਘੱਟ ਹੈ। ਹੁਣ ਲੜਕੀ ਗਰਭ ਅਨੁਪਾਤ ਦੇ ਕਾਰਣ ਇਹ ਗਿਣਤੀ ਹੋਰ ਵੀ ਘੱਟ ਗਈ ਹੈ ਤੇ ਹੁਣ ਇਹ 1000 ਦੇ ਮੁਕਾਬਲੇ ਵਿਚ ਸਿਰਫ਼ 929 ਰਹਿ ਗਈ ਹੈ। ਜੇ ਇਹ ਹੀ ਰੁਝਾਨ ਜਾਰੀ ਰਿਹਾ ਹੈ ਤਾਂ ਇਸ ਦੇ ਗੰਭੀਰ ਸਿੱਟੇ ਨਿਕਲਣਗੇ ਤੇ ਸਮਾਜ ਵਿਚ ਅਸੰਤੁਲਨ ਕਾਇਮ ਹੋ ਜਾਵੇਗਾ। ਲੋੜ ਹੁਣ ਇਹ ਹੈ ਕਿ ਗਰਭ ਟੈਸਟ ਜੋ ਬੱਚੇ ਦੇ ਲਿੰਗ ਨੂੰ ਦਰਸਾਉਣ, ਕਾਨੂੰਨੀ ਤੌਰ ਤੇ ਬੰਦ ਕੀਤੇ ਜਾਣ। ਇਸ ਦੀ ਸਿੱਖਿਆ ਨੂੰ ਹੋਰ ਵੀ ਤੇਜੀ ਨਾਲ ਫੈਲਾਇਆ ਜਾਵੇ ਤਾਂ ਕਿ ਉਹ ਗਰਭ ਅਨੁਪਾਤ ਕਰਨ ਤੇ ਖਿਲਾਫ਼ ਲੜ ਸਕਣ। ਸਮਾਜ ਵਿੱਚ ਦਹੇਜ਼ ਆਦਿ ਦੀਆਂ ਰਸਮਾਂ ਖ਼ਤਮ ਕੀਤੀਆਂ ਜਾਣ। ਮਰਦਾਂ ਨੂੰ ਵੀ ਇਸ ਪਾਪ ਬਾਰੇ ਸਿਕਸ਼ਤ ਕੀਤਾ ਜਾਵੇ। ਅਸਲ ਵਿਚ ਤਾਂ ਇਹ ਇਸਤਰੀ ਸਿੱਖਿਆ ਦੇ ਫੈਲਾਅ ਨਾਲ ਹੀ ਹੱਲ ਹੋ ਸਕੇਗਾ।

### 2.4.10 ਪ੍ਰਸ਼ਨ ਉੱਤਰ

1. ਕੀ ਅਜਾਦੀ ਤੋਂ ਬਾਅਦ ਇਸਤਰੀ ਸਿੱਖਿਆ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਸੀ? (ਹਾਂ/ਨਾਂ)
2. ਕੀ ਹਰਸਾਹਮਿਤਾ ਕਮੇਟੀ ਨੇ ਇਸਤਰੀ ਸਿੱਖਿਆ ਲਈ ਵਿਸ਼ੇਸ਼ ਪਾਠਕ੍ਰਮ ਦਾ ਪ੍ਰਬੰਧ ਕਰਨ ਲਈ ਸ਼ਿਫਾਰਿਸ਼ ਕੀਤੀ? (ਹਾਂ/ਨਾਂ)

3. ਇਸਤਰੀ ਸਿੱਖਿਆ ਨੂੰ ਜਾਤੀ ਅਸਮਾਨਤਾ ਪ੍ਰਭਾਵਿਤ ਨਹੀਂ ਕਰਦੀ। (ਹਾਂ/ਨਾਂ)
4. ਕੀ ਪੁਰਾਤਨ ਕਾਲ ਵਿੱਚ ਇਸਤਰੀਆਂ ਨੂੰ ਮਰਦਾ ਦੇ ਬਰਾਬਰ ਦਾ ਅਧਿਕਾਰ ਦਿੱਤਾ ਗਿਆ ਸੀ? (ਹਾਂ/ਨਾਂ)

**ਉਤਰ:– (1)** ਹਾਂ **(2)** ਹਾਂ **(3)** ਨਾਂ **(4)** ਨਾਂ

## 2.4.11 ਪ੍ਰਸ਼ਨ ਉੱਤਰ

ਪ੍ਰ–1 ਇਸਤਰੀ ਸਿੱਖਿਆ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕਾ ਨੂੰ ਵਿਸਥਾਰ ਵਿੱਚ ਲਿਖੋ।
ਪ੍ਰ–2 ਹੇਠ ਲਿਖੇ ਵਿੱਚ ਕਿਸੇ ਦੋ ਕਮਿਸ਼ਿਨਾ ਦੀਆਂ ਸਿਫਾਰਸ਼ਾ ਤੇ ਨੋਟ ਲਿਖੋ।
1. ਯੂਨੀਵਰਸਿਟੀ ਐਜੂਕੇਸ਼ਨ ਕਮਿਸ਼ਨ (1948–49)
2. ਕੁਠਾਰੀ ਵਿਦਿਅਕ ਕਮਿਸ਼ਨ (1964–66)
3. ਸਿੱਖਿਆ ਦੀ ਨਵੀ ਨੀਤੀ (1986)
4. ਰਿਵੀਊ ਕਮੇਟੀ ਰਿਪੋਰਟ (1990)

## 2.4.12 ਸੁਝਾਈਆਂ ਪੁਸਤਕਾਂ

ਸ਼ਰਮਾ ਟੀ. ਆਰ. ਭਾਰਤੀ– ਸਿੱਖਿਆ ਤੇ ਇਸ ਦੀਆਂ ਸਮੱਸਿਆਵਾ
ਆਲਟੇਕਰ, ਏ. ਐਸ.– ਪੁਰਾਤਨ ਕਾਲ ਵਿੱਚ ਔਰਤਾਂ ਦੀ ਸਿੱਖਿਆਂ
ਗ੍ਰੇਵਸ, ਐਫ. ਪੀ. – ਸਿੱਖਿਆ ਦਾ ਇਤਿਹਾਸ

Internet Web Sites:
www.womennews.org
www.unesco.com